# ਪੇਸ਼ੇਵਰ ਲਾਇਬ੍ਰੇਰੀ/ਸੂਚਨਾ ਵਿੱਦਿਅਕ ਪ੍ਰੋਗਰਾਮਾਂ ਲਈ ਦਿਸ਼ਾ ਨਿਰਦੇਸ਼


ਇਫਲਾ (IFLA) ਸਿੱਖਿਆ ਅਤੇ ਸਿਖਲਾਈ ਸ਼ੈਕਸ਼ਨ ਦੀ ਤਰਫੋਂ

ਕੈਰੀ ਸਮਿੱਥ, ਗਿਲੀਅਨ ਹੈਲਮ ਅਤੇ ਸ. ਬ. ਘੋਸ਼ ਦੁਆਰਾ।


## ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ

### ਅਨੁਵਾਦ ਕਰਤਾ:


ਡਾ. ਨਿਰਮਲ ਸਿੰਘ (ਅਸਿਸਟੈਂਟ ਲਾਇਬ੍ਰੇਰੀਅਨ) ਅਤੇ ਡਾ. ਹਰਮਨਜੀਤ ਸਿੰਘ ਬਾਂਗਾ (ਰਜਿਸਟਰਾਰ)
ਗੁਰੂ ਅੰਗਦ ਦੇਵ ਵੈਟਨਰੀ ਐਂਡ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ-141 004 (ਪੰਜਾਬ), ਭਾਰਤ।


### ਸੰਪਾਦਕ:


ਡਾ. ਗਗਨਦੀਪ ਬਾਂਗਾ (ਪ੍ਰੋਫੈਸਰ)
ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ-141 004 (ਪੰਜਾਬ), ਭਾਰਤ।



ਇਹ ਅਨੁਵਾਦ ਇਫਲਾ (IFLA) ਦੀ ਆਗਿਆ ਨਾਲ ਜਾਰੀ ਕੀਤਾ ਗਿਆ ਹੈ।

ਪੰਜਾਬੀ ਵਿੱਚ ਪਹਿਲਾ ਸੰਸਕਰਣ।

# ਪੇਸ਼ੇਵਰ ਲਾਇਬ੍ਰੇਰੀ/ਸੂਚਨਾ ਵਿੱਦਿਅਕ ਪ੍ਰੋਗਰਾਮਾਂ ਲਈ ਦਿਸ਼ਾ ਨਿਰਦੇਸ਼

ਇਨ੍ਹਾਂ ਦਿਸ਼ਾ ਨਿਰਦੇਸ਼ਾਂ ਨੂੰ ਇਫਲਾ (IFLA) ਪੇਸ਼ੇਵਰ ਕਮੇਟੀ ਦੁਆਰਾ ਅਗਸਤ 2012 ਵਿੱਚ ਹੋਈ ਮੀਟਿੰਗ ਵਿੱਚ ਪ੍ਰਵਾਨਗੀ ਦਿੱਤੀ ਗਈ।

## ਕਾਰਜਕਾਰੀ ਸੰਖੇਪ

ਇਹ ਦਿਸ਼ਾ ਨਿਰਦੇਸ਼ ਸਾਲ 2000 ਵਿੱਚ ਹੋਈ ਮਹੱਤਵਪੂਰਨ ਸੋਧ ਦੀ ਜਗ੍ਹਾ ਲੈਂਦੇ ਹਨ ਅਤੇ 21ਵੀਂ ਸਦੀ ਦੌਰਾਨ ਲਾਇਬ੍ਰੇਰੀ ਅਤੇ ਸੂਚਨਾ ਸੇਵਾਵਾਂ ਵਿੱਚ ਹੋਏ ਵਿਕਾਸ ਨੂੰ ਦਰਸਾਉਂਦੀ ਸਮੱਗਰੀ ਨੂੰ ਲਾਇਬ੍ਰੇਰੀ ਸਕੂਲਾਂ ਦੇ ਪਾਠਕ੍ਰਮ ਵਿੱਚ ਸ਼ਾਮਿਲ ਕਰਦੇ ਹਨ। ਇਹ ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ ਦੇ ਵਿੱਦਿਅਕ ਪ੍ਰੋਗਰਾਮਾਂ ਦੇ ਲੋੜੀਂਦੇ ਉਦੇਸ਼ਾਂ ਦੀ ਪ੍ਰਾਪਤੀ ਲਈ ਮੁਢਲਾ ਢਾਂਚਾ ਪ੍ਰਦਾਨ ਕਰਦੇ ਹਨ, ਜਿਵੇਂ ਕਿ ਵਿੱਦਿਅਕ ਪ੍ਰੋਗਰਾਮਾਂ ਵਿੱਚ ਸ਼ਾਮਿਲ ਕਰਨ ਲਈ ਕੇਂਦਰੀ ਅਤੇ ਉਪਯੋਗੀ ਪਾਠਕ੍ਰਮ ਤੱਤਾਂ ਦੀ ਜ਼ਰੂਰਤ, ਫੈਕਲਟੀ, ਸਟਾਫ਼ ਅਤੇ ਵਿਦਿਆਰਥੀਆਂ ਦੀਆਂ ਇਨ੍ਹਾਂ ਪ੍ਰੋਗਰਾਮਾਂ ਲਈ ਜ਼ਰੂਰਤਾਂ ਅਤੇ ਇਹਨਾਂ ਪ੍ਰੋਗਰਾਮਾਂ ਦੇ ਸੂਚਨਾ ਅਤੇ ਹੋਰ ਸ੍ਰੋਤਾਂ ਦੇ ਸਹਿਯੋਗ ਤੇ ਆਧਾਰਿਤ ਹੋਣ ਦੀ ਜ਼ਰੂਰਤ।

## ਸਮੱਗਰੀ

ਪੇਸ਼ੇਵਰ ਲਾਇਬ੍ਰੇਰੀ/ਸੂਚਨਾ ਵਿੱਦਿਅਕ ਪ੍ਰੋਗਰਾਮਾਂ ਲਈ ਦਿਸ਼ਾ ਨਿਰਦੇਸ ........ 1
ਕਾਰਜਕਾਰੀ ਸੰਖੇਪ ........ 1
ਜਾਣ-ਪਛਾਣ ........ 2
ਉਦੇਸ਼ ........ 2
ਦਿਸ਼ਾ ਨਿਰਦੇਸ਼ ........ 3-10
ਦਿ.ਨਿ. 1 ਵਿਸਤਰਿਤ ਢਾਂਚਾ ........ 3
ਦਿ.ਨਿ. 2 ਪਾਠਕ੍ਰਮ ਤੱਤ ........ 4
ਦਿ.ਨਿ. 3 ਪਾਠਕ੍ਰਮ ........ 5
ਦਿ.ਨਿ. 4 ਫੈਕਲਟੀ ਅਤੇ ਸਟਾਫ਼ ........ 7
ਦਿ.ਨਿ. 5 ਵਿਦਿਆਰਥੀ ........ 8
ਦਿ.ਨਿ. 6 ਸਹਾਇਤਾ ........ 8
ਦਿ.ਨਿ. 7 ਨਿਰਦੇਸ਼ਕ ਸ੍ਰੋਤ ਅਤੇ ਸਹੂਲਤਾਂ ........ 9
ਹਵਾਲੇ ........ 10

ਪੇਸ਼ੇਵਰ ਲਾਇਬ੍ਰੇਰੀ/ਸੂਚਨਾ ਵਿੱਦਿਅਕ ਪ੍ਰੋਗਰਾਮਾਂ ਲਈ ਦਿਸ਼ਾ ਨਿਰਦੇਸ਼, 2012।
ਇਸ ਦਸਤਾਵੇਜ਼ ਦੇ ਕਾਪੀਰਾਈਟ ਅਧਿਕਾਰ ਇਫਲਾ (IFLA) ਨਾਲ ਸਬੰਧਿਤ ਹਨ। ਸਮੱਗਰੀ ਨੂੰ ਕ੍ਰਿਏਟਿਵ ਕਾਮਨਜ਼ ਐਟ੍ਰਿਬਿਊਸ਼ਨ 3.0 ਅਨਪੋਰਟਿਡ ਲਾਇਸੈਂਸ ਦੇ ਅਧੀਨ ਪ੍ਰਵਾਨਗੀ ਦਿੱਤੀ ਗਈ ਹੈ, ਜਿਸ ਦਾ ਮਤਲਬ ਹੈ ਕਿ ਤੁਹਾਨੂੰ ਕਾਪੀ ਕਰਨ, ਵੰਡਣ, ਅੱਗੇ ਭੇਜਣ, ਅਨੁਕੂਲ ਬਣਾਉਣ ਅਤੇ ਇਸ ਕੰਮ ਦੀ ਵਪਾਰਕ ਵਰਤੋਂ ਕਰਨ ਦੀ ਖੁੱਲ੍ਹ ਹੈ, ਬਸ਼ਰਤੇ ਹਰੇਕ ਵਰਤੋਂ ਵਿੱਚ ਇਫਲਾ (IFLA) ਦੇ ਅਧਿਕਾਰਾਂ ਦਾ ਸਹੀ ਹਵਾਲਾ ਦਿੱਤਾ ਜਾਵੇ। ਇਸ ਲਾਇਸੈਂਸ ਦੀ ਕਾਪੀ ਦੇਖਣ ਲਈ ਵੇਖੋ: http://creativecommons.org/licenses/by/3.0/. ਵਧੇਰੇ ਜਾਣਕਾਰੀ ਲਈ ਕ੍ਰਿਪਾ ਕਰਕੇ ਇਫਲਾ (IFLA) ਮੁੱਖ ਦਫ਼ਤਰ ਨਾਲ ਸੰਪਰਕ ਕਰੋ।

## ਜਾਣ-ਪਛਾਣ

ਲਾਇਬ੍ਰੇਰੀ/ਸੂਚਨਾ ਵਿੱਦਿਅਕ ਪ੍ਰੋਗਰਾਮਾਂ ਦਾ ਲੰਮਾ ਅਤੇ ਵਿਲੱਖਣ ਇਤਿਹਾਸ ਹੈ। ਭੂਤਕਾਲ ਵਿੱਚ ਇਹ ਕਿਤਾਬਾਂ ਅਤੇ ਹੋਰ ਸਮੱਗਰੀ ਨੂੰ ਲਾਇਬ੍ਰੇਰੀ ਦੀਆਂ ਇਮਾਰਤਾਂ ਵਿੱਚ ਵਿਕਸਤ ਕਰਨ 'ਤੇ ਕੇਂਦਰਿਤ ਸਨ, ਜਿਨ੍ਹਾਂ ਦੇ ਸਟਾਫ਼ ਨੇ ਇਸ ਸਮੱਗਰੀ ਦੀ ਚੋਣ ਕਰਨਾ, ਸੂਚਨਾ ਪ੍ਰਾਪਤ ਕਰਨਾ, ਸੰਗਠਤ ਕਰਨਾ, ਮੁੜ ਪ੍ਰਾਪਤ ਕਰਨਾ ਅਤੇ ਸਰਕੂਲੇਟ ਕਰਨਾ ਸਿੱਖ ਲਿਆ ਸੀ। ਅਜੋਕੇ ਸਮੇਂ ਵਿੱਚ ਲਾਇਬ੍ਰੇਰੀ ਅਤੇ ਸੂਚਨਾ ਵਿੱਦਿਅਕ ਪ੍ਰੋਗਰਾਮਾਂ ਦਾ ਦਾਇਰਾ ਭੌਤਿਕ ਸੰਗ੍ਰਹਿ ਅਤੇ ਇਮਾਰਤਾਂ ਤੋਂ ਵਧ ਕੇ ਇੰਟਰਨੈਟ ਅਧਾਰਿਤ ਵਰਚੁਅਲ ਸੰਸਾਰ ਤੱਕ ਪਹੁੰਚ ਚੁੱਕਾ ਹੈ। ਅੱਜ ਇਕਾਗਰਤਾ ਉਪਭੋਗਤਾਵਾਂ ਨੂੰ, ਜੋ ਜ਼ਰੂਰੀ ਨਹੀਂ ਕਿ ਲਾਇਬ੍ਰੇਰੀ ਦੀ ਇਮਾਰਤ ਅੰਦਰ ਦਾਖ਼ਲ ਹੋਣ ਜਾਂ ਦਾਖ਼ਲ ਹੋਣ ਦੀ ਇੱਛਾ ਰੱਖਦੇ ਹੋਣ, ਵੱਖ-ਵੱਖ ਪ੍ਰਸੰਗਾਂ ਵਿੱਚ ਜਨਤਕ, ਨਿੱਜੀ, ਅਤੇ ਤੀਸਰੇ ਸੈਕਟਰ ਸਬੰਧੀ ਸੂਚਨਾ ਮੁਹਈਆ ਕਰਵਾਉਣ ਉੱਪਰ ਹੈ। ਖਿੱਤੇ ਦੇ ਅੰਦਰ ਭਾਈਵਾਲਾਂ ਨਾਲ ਸਹਿਯੋਗ ਜਿਨ੍ਹਾਂ ਵਿੱਚ ਪੁਰਲੇਖ, ਅਜਾਇਬ ਘਰ ਅਤੇ ਰਿਕਾਰਡ ਪ੍ਰਬੰਧ ਸ਼ਾਮਿਲ ਹਨ, ਤੇਜ਼ੀ ਨਾਲ ਸਪਸ਼ਟ ਹੋ ਰਿਹਾ ਹੈ, ਇਸ ਲਈ ਇਨ੍ਹਾਂ ਪ੍ਰੋਗਰਾਮਾਂ ਵਿੱਚ ਆਮ ਮੁੱਦਿਆਂ ਤੇ ਜਾਗਰੂਕਤਾ ਵਾਲੇ ਵਿਸ਼ਿਆਂ ਨੂੰ ਸ਼ਾਮਿਲ ਕਰਨਾ ਉਚਿਤ ਹੈ। ਵਿੱਦਿਅਕ ਪ੍ਰੋਗਰਾਮ ਤਕਨੀਕੀ, ਗ੍ਰੇਜੂਏਟ, ਪੇਸ਼ੇਵਰ ਅਤੇ ਖੋਜ ਤੇ ਡਾਕਟਰੇਟ ਪੱਧਰ 'ਤੇ ਪ੍ਰਦਾਨ ਕੀਤੇ ਜਾਂਦੇ ਹਨ। ਇਥੇ ਦਿੱਤੇ ਗਏ ਦਿਸ਼ਾ ਨਿਰਦੇਸ਼ ਮੁੱਖ ਤੌਰ ਤੇ ਗ੍ਰੇਜੂਏਟ ਅਤੇ ਅੰਡਰਗ੍ਰੇਜੂਏਟ ਪੱਧਰ ਜੋ ਕਿ ਪੇਸ਼ੇਵਰ ਯੋਗਤਾ ਦੀ ਅਗਵਾਈ ਕਰਦੇ ਹਨ, ਨੂੰ ਮੁਖਾਤਿਬ ਹਨ।

ਇਨ੍ਹਾਂ ਦਿਸ਼ਾ ਨਿਰਦੇਸ਼ਾਂ ਵਿੱਚ ਪਿਛਲੀ ਮਹੱਤਵਪੂਰ ਸੋਧ ਸਾਲ 2000 ਵਿੱਚ ਕੀਤੀ ਗਈ ਸੀ। ਉਸ ਸਮੇਂ ਤੋਂ ਲੈ ਕੇ ਲਾਇਬ੍ਰੇਰੀ ਪੇਸ਼ੇ ਨੂੰ ਬਹੁਤ ਸਾਰੇ ਮੁੱਦਿਆਂ ਦਾ ਸਾਹਮਣਾ ਕਰਨਾ ਪਿਆ ਹੈ ਜਿਨ੍ਹਾਂ ਵਿਚੋਂ ਇੰਟਰਨੈਟ ਅਤੇ ਡਿਜ਼ੀਟਲ ਤਕਨਾਲੋਜੀ ਅਤੇ ਇਸ ਨਾਲ ਸਬੰਧਤ ਪ੍ਰਭਾਵ ਜੋ ਇਹ ਸਾਡੇ ਸਮਾਜ ਵਿੱਚ ਲੈ ਕੇ ਆਏ ਪ੍ਰਮੱਖ ਹਨ। ਨਤੀਜ਼ਨ ਕੁਝ ਲਾਇਬ੍ਰੇਰੀ ਸਕੂਲਾਂ ਨੇ ਅਕਸਰ ਸਬੰਧਤ ਦੇਸ਼ਾਂ ਵਿੱਚ ਸਹਿਯੋਗੀ ਸਕੂਲਾਂ ਵਜੋਂ ਪ੍ਰਦਾਨ ਕੀਤੇ ਜਾਂਦੇ ਵਧੇਰੇ ਰਵਾਇਤੀ, ਪ੍ਰੰਤੂ ਅਜੇ ਵੀ ਵੈਧ ਲਾਇਬ੍ਰੇਰੀ ਵਿੱਦਿਅਕ ਪਹੁੰਚ ਦੇ ਮੁਕਾਬਲੇ ਆਈਸਕੂਲ (iSchool) ਫਲਸਫ਼ੇ ਨੂੰ ਅਪਨਾਉਣ ਤੇ ਜ਼ੋਰ ਦਿੱਤਾ। ਇਸ ਤੋਂ ਇਲਾਵਾ ਇਹ ਸੁਚੇਤ ਹੋ ਜਾਂਦਾ ਹੈ ਕਿ ਲਾਇਬ੍ਰੇਰੀਅਨ ਪੇਸ਼ੇ ਨੂੰ ਸਬੰਧਤ ਪੇਸ਼ਿਆਂ ਜਿਵੇਂ ਕਿ ਪੁਰਲੇਖ, ਅਜਾਇਬ ਘਰ ਅਤੇ ਰਿਕਾਰਡ ਪ੍ਰਬੰਧ ਦੇ ਹਦਾਇਤਾਂ ਅਤੇ ਗਿਆਨ ਦੇ ਆਧਾਰ ਨੂੰ ਵੀ ਆਪਣੀਆਂ ਸੀਮਾਵਾਂ ਵਿੱਚ ਸ਼ਾਮਿਲ ਕਰਨਾ ਚਾਹੀਦਾ ਹੈ। ਵਿੱਦਿਅਕ ਪ੍ਰਗਰਾਮਾਂ ਦੇ ਗਿਆਨ ਦੇ ਅਧਾਰ ਵਿੱਚੋਂ ਸਵਦੇਸ਼ੀ ਮਸਲਿਆਂ ਨੂੰ ਛੱਡਣ ਦੇ ਮਾਮਲੇ ਨੂੰ ਮੁਖਾਤਿਬ ਹੋਣ ਦੀ ਵੀ ਜ਼ਰੂਰਤ ਸੀ।

ਦਸਤਾਵੇਜ਼ ਦੀ ਇਸ ਸੋਧ ਦੇ ਵਿਕਾਸ ਦੇ ਕਾਰਜ ਦੀ ਨਿਗਰਾਨੀ ਕਰਨ ਲਈ ਇਫਲਾ (IFLA) ਸਿਖਿਆ ਅਤੇ ਸਿਖਲਾਈ ਸਥਾਈ ਕਮੇਟੀ ਵੱਲੋਂ ਸਬ-ਕਮੇਟੀ ਦੀ ਨਿਯੁਕਤੀ ਕੀਤੀ ਗਈ ਸੀ। ਪ੍ਰੋਫੈਸਰ ਗਿਲੀਅਨ ਹੈਲਮ, ਪ੍ਰੋਫੈਸਰ ਸ. ਬ. ਘੋਸ਼ ਅਤੇ ਐਸੋਸੀਏਟ ਪ੍ਰੋਫੈਸਰ ਕੈਰੀ ਸਮਿੱਥ ਇਸ ਦੇ ਮੈਂਬਰ ਸਨ। ਕਮੇਟੀ ਵਲੋਂ ਸੁਝਾਈ ਸੋਧ ਹੇਠਾਂ ਪੇਸ਼ ਹੈ।

ਐਸੋਸ਼ੀਏਟ ਪ੍ਰੋਫੈਸਰ ਕੈਰੀ ਸੱਮਿਥ, FALIA
ਕਨਵੀਨਰ, ਇਫਲਾ (IFLA) ਸਿੱਖਿਆ ਅਤੇ ਸਿਖਲਾਈ ਸੈਕਸ਼ਨ, ਦਿਸ਼ਾ ਨਿਰਦੇਸ਼ ਸਬ-ਕਮੇਟੀ, ਜੁਲਾਈ 2012.

## ਉਦੇਸ਼

ਇਹਨਾਂ ਦਿਸ਼ਾਂ ਨਿਰਦੇਸ਼ਾਂ ਦਾ ਉਦੇਸ਼ ਦੁਨੀਆ ਭਰ ਦੇ ਲਾਇਬ੍ਰੇਰੀ ਅਤੇ ਸੂਚਨਾ ਅਧਿਐਨ/ਵਿਗਿਆਨ ਵਿਭਾਗਾਂ ਨੂੰ ਆਪਣੇ ਵਿੱਦਿਅਕ ਪ੍ਰੋਗਰਾਮ ਸਥਾਪਿਤ ਕਰਨ ਅਤੇ ਚਲਾਉਣ ਸਮੇਂ ਵਰਤਣ ਲਈ ਤਰਜੀਹੀ ਅਭਿਆਸ ਦੇ ਮਾਰਗ ਦਰਸ਼ਕ ਸਿਧਾਂਤਾਂ ਦਾ ਸਮੂਹ ਮੁਹੱਈਆ ਕਰਵਾਉਣਾ ਹੈ। ਇਹ ਦਿਸ਼ਾ ਨਿਰਦੇਸ਼ ਪ੍ਰੋਗਰਾਮਾਂ ਦੀ ਸਮੀਖਿਆ ਅਤੇ ਸੁਧਾਰ ਦੇ ਨਾਲ-ਨਾਲ ਨਵੇਂ ਪ੍ਰੋਗਰਾਮਾਂ ਦਾ ਖਾਕਾ ਤਿਆਰ ਕਰਨ ਲਈ ਢਾਂਚਾ ਮੁਹੱਈਆ ਕਰਦੇ ਹਨ, ਅਤੇ ਇਨ੍ਹਾਂ ਨੂੰ ਤੁਲਨਾ ਲਈ ਇੱਕ ਵਿਹਾਰਕ ਸਾਧਨ ਦੇ ਤੌਰ ਤੇ ਵਰਤਿਆ ਜਾ ਸਕਦਾ ਹੈ। ਲਾਇਬ੍ਰੇਰੀ ਅਤੇ ਸੂਚਨਾ ਸੇਵਾਵਾਂ ਸੈਕਟਰ ਵਿੱਚ ਨਵੇਂ ਵਿੱਦਿਅਕ ਪ੍ਰੋਗਰਾਮ ਉਲੀਕਣ ਸਮੇਂ ਵੀ ਇਹਨਾਂ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ।

ਪੇਸ਼ੇਵਰ ਲਾਇਬ੍ਰੇਰੀ/ਸੂਚਨਾ ਵਿੱਦਿਅਕ ਪ੍ਰੋਗਰਾਮਾਂ ਲਈ ਦਿਸ਼ਾ ਨਿਰਦੇਸ਼, 2012।
ਇਸ ਦਸਤਾਵੇਜ਼ ਦੇ ਕਾਪੀਰਾਈਟ ਅਧਿਕਾਰ ਇਫਲਾ (IFLA) ਨਾਲ ਸਬੰਧਿਤ ਹਨ। ਸਮੱਗਰੀ ਨੂੰ ਕ੍ਰਿਏਟਿਵ ਕਾਮਨਜ਼ ਐਟ੍ਰਿਬਿਊਸ਼ਨ 3.0 ਅਨਪੋਰਟਿਡ ਲਾਇਸੈਂਸ ਦੇ ਅਧੀਨ ਪ੍ਰਵਾਨਗੀ ਦਿੱਤੀ ਗਈ ਹੈ, ਜਿਸ ਦਾ ਮਤਲਬ ਹੈ ਕਿ ਤੁਹਾਨੂੰ ਕਾਪੀ ਕਰਨ, ਵੰਡਣ, ਅੱਗੇ ਭੇਜਣ, ਅਨੁਕੂਲ ਬਣਾਉਣ ਅਤੇ ਇਸ ਕੰਮ ਦੀ ਵਪਾਰਕ ਵਰਤੋਂ ਕਰਨ ਦੀ ਖੁੱਲ੍ਹ ਹੈ, ਬਸ਼ਰਤੇ ਹਰੇਕ ਵਰਤੋਂ ਵਿੱਚ ਇਫਲਾ (IFLA) ਦੇ ਅਧਿਕਾਰਾਂ ਦਾ ਸਹੀ ਹਵਾਲਾ ਦਿੱਤਾ ਜਾਵੇ। ਇਸ ਲਾਇਸੈਂਸ ਦੀ ਕਾਪੀ ਦੇਖਣ ਲਈ ਵੇਖੋ: http://creativecommons.org/licenses/by/3.0/. ਵਧੇਰੇ ਜਾਣਕਾਰੀ ਲਈ ਕ੍ਰਿਪਾ ਕਰਕੇ ਇਫਲਾ (IFLA) ਮੁੱਖ ਦਫ਼ਤਰ ਨਾਲ ਸੰਪਰਕ ਕਰੋ।

ਇਹ ਮੰਨਿਆ ਜਾਂਦਾ ਹੈ ਕਿ ਕੁਝ ਦੇਸ਼ਾਂ ਵਿੱਚ ਵਿਸਤ੍ਰਿਤ ਵਿੱਦਿਅਕ ਮਾਪਦੰਡ ਹੋਣਗੇ, ਜਿੰਨਾਂ ਦੀ ਪਾਲਣਾ ਕੀਤੀ ਜਾਣੀ ਚਾਹੀਦੀ ਹੈ ਅਤੇ ਵੱਖ-ਵੱਖ ਦੇਸ਼ਾਂ ਵਿੱਚ ਸਬੰਧਤ ਪੇਸ਼ੇਵਰ ਸੰਗਠਨਾਂ ਦੀਆਂ ਵਿੱਦਿਅਕ ਨੀਤੀਆਂ ਦੇ ਕਥਨ ਵੀ ਹੋਣਗੇ, ਜਿਨ੍ਹਾਂ ਦੀ ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ ਵਿਭਾਗਾਂ ਦੁਆਰਾ ਪਾਲਣਾ, ਵਿਸ਼ੇਸ਼ ਤੌਰ 'ਤੇ ਮਾਨਤਾ ਹਾਸਿਲ ਕਰਨ ਲਈ, ਜ਼ਰੂਰੀ ਹੋਵੇਗੀ। ਉਮੀਦ ਕੀਤੀ ਜਾਂਦੀ ਹੈ ਕਿ ਦਿਸ਼ਾ ਨਿਰਦੇਸ਼ਾਂ ਦੇ ਇਸ ਸਮੂਹ ਵਿੱਚ ਦਿੱਤੇ ਗਏ ਸਿਧਾਂਤ ਅਜਿਹੀਆ ਰਾਸ਼ਟਰੀ ਮਾਨਤਾ ਦੀਆਂ ਲੋੜਾਂ ਦਾ ਅਧਾਰ ਬਣਨਗੇ।

## ਦਿਸ਼ਾ ਨਿਰਦੇਸ਼

ਦਿਸ਼ਾ ਨਿਰਦੇਸ਼ਾਂ ਵਿੱਚ ਹੇਠ ਲਿਖੇ ਸ਼ਾਮਿਲ ਹਨ:

| | |
|---|---|
| ਦਿ.ਨਿ. 1 | ਵਿਸਤਰਿਤ ਢਾਂਚਾ |
| ਦਿ.ਨਿ. 2 | ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ ਪ੍ਰੋਗਰਾਮਾਂ ਵਿੱਚ ਸ਼ਾਮਿਲ ਕੀਤੇ ਜਾਣ ਵਾਲੇ ਪ੍ਰਮੁੱਖ ਤੱਤ |
| ਦਿ.ਨਿ. 3 | ਪਾਠਕ੍ਰਮ |
| ਦਿ.ਨਿ. 4 | ਫੈਕਲਟੀ ਅਤੇ ਸਟਾਫ਼ |
| ਦਿ.ਨਿ. 5 | ਵਿਦਿਆਰਥੀ |
| ਦਿ.ਨਿ. 6 | ਸਹਾਇਤਾ |
| ਦਿ.ਨਿ. 7 | ਸਿਖਲਾਈ ਦੇ ਸ੍ਰੋਤ ਅਤੇ ਸਹੂਲਤਾਂ |

## ਦਿ.ਨਿ. 1 ਵਿਸਤਰਿਤ ਢਾਂਚਾ

### ਉਦੇਸ਼:

ਸੰਗਠਨ ਪੱਧਰ ਤੇ ਲਾਇਬ੍ਰੇਰੀ ਅਤੇ ਸੂਚਨਾ ਵਿੱਦਿਅਕ ਪ੍ਰੋਗਰਾਮਾਂ ਦਾ ਵੇਰਵਾ ਅਤੇ ਸਥਿਤੀ ਪੱਧਰ ਦੇਸ਼ ਵਿੱਚ ਪ੍ਰਦਾਨ ਕੀਤੇ ਜਾ ਰਹੇ ਦੂਜੇ ਕਿੱਤਾਮੁਖੀ ਅਤੇ ਪੇਸ਼ੇਵਰ ਸਿੱਖਿਆ ਪ੍ਰੋਗਰਾਮਾਂ ਦੇ ਤੁਲਨਾਤਮਕ ਹੋਣਾ ਚਾਹੀਦਾ ਹੈ। ਪੇਸ਼ੇਵਰ ਪੱਧਰ ਦੀ ਤਿਆਰੀ ਲਈ, ਲਾਇਬ੍ਰੇਰੀ ਅਤੇ ਸੂਚਨਾ ਵਿੱਦਿਅਕ ਪ੍ਰੋਗਰਾਮ ਡਿਗਰੀ ਪ੍ਰਦਾਨ ਕਰਨ ਵਾਲੀ ਸੰਸਥਾ ਦਾ ਹਿੱਸਾ ਹੋਣਾ ਚਾਹੀਦਾ ਹੈ ਜਿਸਦਾ ਨਿਰਦੇਸ਼ਨ ਯੂਨੀਵਰਸਿਟੀ ਪੱਧਰ ਤੇ ਹੋਣਾ ਚਾਹੀਦਾ ਹੈ। ਲਾਇਬ੍ਰੇਰੀ ਅਤੇ ਸੂਚਨਾ ਵਿੱਦਿਅਕ ਪ੍ਰੋਗਰਾਮ ਦੂਸਰੇ ਪ੍ਰੋਗਰਾਮਾਂ ਵਾਂਗ ਉਸੇ ਆਧਾਰ ਤੇ ਡਾਕਟਰੇਟ ਪੱਧਰ ਦਾ ਅਧਿਐਨ ਪ੍ਰਦਾਨ ਕਰਨ ਲਈ ਯੋਗ ਹੋਣੇ ਚਾਹੀਦੇ ਹਨ।

### ਸਿਧਾਂਤ

**ਮਿਸ਼ਨ:** ਲਾਇਬ੍ਰੇਰੀ ਅਤੇ ਸੂਚਨਾ ਵਿੱਦਿਅਕ ਪ੍ਰੋਗਰਾਮ ਦਾ ਮਿਸ਼ਨ ਸ਼ਪਸ਼ਟ ਤੌਰ ਤੇ ਉਪਲਬਧ ਰਸਮੀ ਦਸਤਾਵੇਜ਼ ਵਿੱਚ ਉਜਾਗਰ ਕੀਤਾ ਜਾਣਾ ਚਾਹੀਦਾ ਹੈ। ਪ੍ਰੋਗਰਾਮ ਦਾ ਉਦੇਸ਼ ਵਿੱਦਿਅਕ ਪ੍ਰੋਗਰਾਮ ਦੇ ਮੰਤਵ ਨੂੰ ਵੱਡੇ ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਤਕਨੀਕੀ ਪ੍ਰਸੰਗ ਵਿੱਚ ਸੰਬੋਧਨ ਕਰਨਾ ਹੋਣਾ ਚਾਹੀਦਾ ਹੈ ਅਤੇ ਇਹ ਪੇਸ਼ੇ ਦੀਆਂ ਗੈਰ-ਪੱਖਪਾਤੀ ਕਦਰਾਂ-ਕੀਮਤਾਂ ਦੇ ਅਨੁਸਾਰ ਹੋਣਾ ਚਾਹੀਦਾ ਹੈ। ਇਸ ਨੂੰ ਉਨ੍ਹਾਂ ਹਲਕਿਆਂ ਦੀ ਜਿਥੇ ਸੇਵਾ ਨਿਭਾਈ ਜਾ ਰਹੀ ਹੈ, ਪਹਿਚਾਣ ਕਰਨੀ ਚਾਹੀਦੀ ਹੈ ਅਤੇ ਦੇਸ਼ ਦੀਆਂ ਜ਼ਰੂਰਤਾਂ ਪ੍ਰਤੀ ਜਵਾਬਦੇਹ ਹੋਣਾ ਚਾਹੀਦਾ ਹੈ, ਜਦੋਂ ਤੱਕ ਇਹ ਇੱਕ ਸੁਤੰਤਰ ਸਥਾਪਿਤ ਸੰਸਥਾ ਨਹੀਂ ਹੈ ਇਸਨੂੰ ਆਪਣੀ

ਪੇਸ਼ੇਵਰ ਲਾਇਬ੍ਰੇਰੀ/ਸੂਚਨਾ ਵਿੱਦਿਅਕ ਪ੍ਰੋਗਰਾਮਾਂ ਲਈ ਦਿਸ਼ਾ ਨਿਰਦੇਸ਼, 2012।
ਇਸ ਦਸਤਾਵੇਜ਼ ਦੇ ਕਾਪੀਰਾਈਟ ਅਧਿਕਾਰ ਇਫਲਾ (IFLA) ਨਾਲ ਸਬੰਧਿਤ ਹਨ। ਸਮੱਗਰੀ ਨੂੰ ਕ੍ਰਿਏਟਿਵ ਕਾਮਨਜ਼ ਐਟ੍ਰਿਬਿਊਸ਼ਨ 3.0 ਅਨਪੋਰਟਿਡ ਲਾਇਸੈਂਸ ਦੇ ਅਧੀਨ ਪ੍ਰਵਾਨਗੀ ਦਿੱਤੀ ਗਈ ਹੈ, ਜਿਸ ਦਾ ਮਤਲਬ ਹੈ ਕਿ ਤੁਹਾਨੂੰ ਕਾਪੀ ਕਰਨ, ਵੰਡਣ, ਅੱਗੇ ਭੇਜਣ, ਅਨੁਕੂਲ ਬਣਾਉਣ ਅਤੇ ਇਸ ਕੰਮ ਦੀ ਵਪਾਰਕ ਵਰਤੋਂ ਕਰਨ ਦੀ ਖੁੱਲ੍ਹ ਹੈ, ਬਸ਼ਰਤੇ ਹਰੇਕ ਵਰਤੋਂ ਵਿੱਚ ਇਫਲਾ (IFLA) ਦੇ ਅਧਿਕਾਰਾਂ ਦਾ ਸਹੀ ਹਵਾਲਾ ਦਿੱਤਾ ਜਾਵੇ। ਇਸ ਲਾਇਸੈਂਸ ਦੀ ਕਾਪੀ ਦੇਖਣ ਲਈ ਵੇਖੋ: http://creativecommons.org/licenses/by/3.0/. ਵਧੇਰੇ ਜਾਣਕਾਰੀ ਲਈ ਕ੍ਰਿਪਾ ਕਰਕੇ ਇਫਲਾ (IFLA) ਮੁੱਖ ਦਫ਼ਤਰ ਨਾਲ ਸੰਪਰਕ ਕਰੋ।

ਮੂਲ ਸੰਸਥਾ ਦੀਆਂ ਕਦਰਾਂ-ਕੀਮਤਾਂ ਅਨੁਸਾਰ ਢਲਣਾ ਚਾਹੀਦਾ ਹੈ। ਲਾਇਬ੍ਰੇਰੀ ਅਤੇ ਸੂਚਨਾ ਪ੍ਰੋਗਰਾਮ ਨੂੰ ਸਬੰਧਿਤ ਪੇਸ਼ਿਆਂ ਅਤੇ ਵਿਸ਼ਿਆਂ ਦੀ ਜਾਣਕਾਰੀ ਪੇਸ਼ ਕਰਨੀ ਚਾਹੀਦੀ ਹੈ।

**ਟੀਚਾ ਅਤੇ ਉਦੇਸ਼:** ਲਾਇਬ੍ਰੇਰੀ ਅਤੇ ਸੂਚਨਾ ਵਿੱਦਿਅਕ ਪ੍ਰੋਗਰਾਮਾਂ ਨੂੰ ਅਪਣੇ ਟੀਚਿਆਂ ਬਾਰੇ ਦੱਸਣਾ ਚਾਹੀਦਾ ਹੈ ਅਤੇ ਟੀਚਿਆਂ ਤੋਂ ਪ੍ਰਾਪਤ ਕੀਤੇ ਉਦੇਸ਼ਾਂ ਦੀ ਪਹਿਚਾਣ ਕਰਨੀ ਚਾਹੀਦੀ ਹੈ, ਜੋ ਕਿ ਦਰਸ਼ਨ, ਸਿਧਾਂਤ ਅਤੇ ਪ੍ਰੋਗਰਾਮ ਦੇ ਢੰਗ, ਮੁਹਾਰਤ ਦਾ ਖੇਤਰ, ਪ੍ਰਦਾਨ ਕੀਤਾ ਤਿਆਰੀ ਦਾ ਪੱਧਰ, ਅਧਿਆਪਨ, ਸੇਵਾਵਾਂ ਅਤੇ ਖੋਜ ਮੁੱਲ, ਅਤੇ ਸਮਾਜ ਵਿੱਚ ਲਾਇਬ੍ਰੇਰੀ ਅਤੇ ਸੂਚਨਾ ਸੇਵਾਵਾਂ ਦੀ ਸਮਝੀ ਭੂਮਿਕਾ ਨੂੰ ਸੰਬੋਧਨ ਕਰਦੇ ਹੋਣ। ਟੀਚੇ ਅਤੇ ਉਦੇਸ਼ ਮਾਨਤਾ ਪ੍ਰਾਪਤ ਅਧਿਕਾਰਿਕ ਸੰਸਥਾਵਾਂ ਦੁਆਰਾ ਪ੍ਰਕਾਸ਼ਿਤ ਵਿੱਦਿਅਕ ਨੀਤੀ ਦੇ ਅਨੁਕੂਲ ਹੋਣੇ ਚਾਹੀਦੇ ਹਨ। ਉਨ੍ਹਾਂ ਨੂੰ ਸਬੰਧਿਤ ਵਿਦਿਆਰਥੀਆਂ ਦੇ ਸਿੱਖਣ ਦੇ ਨਤੀਜੇ ਅਤੇ ਮੇਜ਼ਵਾਨ ਸੰਸਥਾ ਅਤੇ ਦੇਸ਼ ਦੀਆਂ ਗ੍ਰੇਜੂਏਟ ਯੋਗਤਾਵਾਂ ਅਨੁਸਾਰ ਹੋਣਾ ਚਾਹੀਦਾ ਹੈ।

**ਯੋਜਨਾਬੰਦੀ ਅਤੇ ਮੁਲਾਂਕਣ:** ਪ੍ਰੋਗਰਾਮ ਦੀ ਸਪਸ਼ਟ ਤੌਰ ਤੇ ਵਿਕਸਤ, ਨਿਯਮਤ ਯੋਜਨਾਬੰਦੀ ਅਤੇ ਮੁਲਾਂਕਣ ਪ੍ਰਕਿਰਿਆ ਹੋਣੀ ਚਾਹੀਦੀ ਹੈ। ਪ੍ਰਕਿਰਿਆ ਵਿੱਚ ਲਾਇਬ੍ਰੇਰੀ ਅਤੇ ਸੂਚਨਾ ਖੇਤਰ ਅਤੇ ਵਿਸਤਰਿਤ ਤੌਰ ਤੇ ਸਮਾਜ ਵਿੱਚ ਅਨੁਮਾਨਤ ਤਬਦੀਲੀਆਂ ਦੀ ਰੋਸ਼ਨੀ ਵਿੱਚ ਪ੍ਰਚਲਿਤ ਨੀਤੀਆਂ ਅਤੇ ਵਿਧੀਆਂ ਦੀ ਸਮੀਖਿਆ ਸ਼ਾਮਿਲ ਹੋਣੀ ਚਾਹੀਦੀ ਹੈ। ਯੋਜਨਾਬੰਦੀ ਅਤੇ ਮੁਲਾਂਕਣ ਪ੍ਰਕਿਰਿਆ ਵਿੱਚ ਫੈਕਲਟੀ, ਸਟਾਫ਼ ਅਤੇ ਵਿਦਿਆਰਥੀਆਂ ਦੀ ਸ਼ਮੂਲੀਅਤ ਹੋਣੀ ਚਾਹੀਦੀ ਹੈ। ਰੋਜ਼ਗਾਰ ਪ੍ਰਦਾਨ ਕਰਤਾ ਅਤੇ ਪ੍ਰੈਕਟਿਸ਼ਨਰਾਂ ਦੀ ਸਲਾਹ ਵੀ ਲੈਣੀ ਚਾਹੀਦੀ ਹੈ। ਪ੍ਰੋਗਰਾਮ ਨੂੰ ਦੇਸ਼ ਵਿੱਚ ਲਾਗੂ ਨਿਯਮਾਂ ਅਨੁਸਾਰ ਵਿੱਦਿਅਕ ਅਤੇ/ਜਾਂ ਪੇਸ਼ੇਵਰ ਮਾਨਤਾ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਚਾਹੀਦਾ ਹੈ।

## ਦਿ.ਨਿ. 2 ਪਾਠਕ੍ਰਮ ਦੇ ਤੱਤ

### ਉਦੇਸ਼

ਇਹ ਮਹੱਤਵਪੂਰਨ ਹੈ ਕਿ ਪ੍ਰਮੁੱਖ ਪਾਠਕ੍ਰਮ ਤੱਤ ਹੇਠ ਲਿਖੇ ਅਨੁਸਾਰ ਹੋਣੇ ਚਾਹੀਦੇ ਹਨ:

1. ਅਤੀਤ ਦੇ ਢੰਗਾਂ ਨੂੰ ਇੱਕ ਡਿਜੀਟਾਈਜ਼ਡ ਵਾਤਾਵਰਣ ਵਿੱਚ ਮਾਰਗ ਵਜੋਂ ਸ਼ਾਮਿਲ ਕਰਨਾ।
2. ਪਾਠਕ੍ਰਮ ਵਿੱਚ ਸਵਦੇਸ਼ੀ ਗਿਆਨ ਅਤੇ ਇਸਦੇ ਤਰੀਕਿਆਂ ਨੂੰ ਸ਼ਾਮਿਲ ਕਰਨਾ।

### ਸਿਧਾਂਤ

ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ ਪਾਠਕ੍ਰਮ ਦੇ ਹੇਠ ਲਿਖੇ ਮੁੱਖ ਤੱਤ ਹੋਣਗੇ:-

1. ਸੂਚਨਾ ਵਾਤਾਵਾਰਣ, ਸੂਚਨਾ ਸਮਾਜ ਦੇ ਸਮਾਜਿਕ ਪ੍ਰਭਾਵ, ਸੂਚਨਾ ਨੀਤੀ ਅਤੇ ਨੈਤਿਕਤਾ ਅਤੇ ਖੇਤਰ ਦਾ ਇਤਿਹਾਸ।
2. ਸੂਚਨਾ ਦੀ ਉਤਪਤੀ, ਸੰਚਾਰ ਅਤੇ ਵਰਤੋਂ।
3. ਸੂਚਨਾ ਦੀ ਜ਼ਰੂਰਤ ਦਾ ਮੁਲਾਂਕਣ ਕਰਨਾ ਅਤੇ ਜਵਾਬਦੇਹ ਸੇਵਾਵਾਂ ਦਾ ਖਾਕਾ ਤਿਆਰ ਕਰਨਾ।
4. ਸੂਚਨਾ ਬਦਲੀ ਪ੍ਰਕਿਰਿਆ।
5. ਸੂਚਨਾ ਸ੍ਰੋਤਾਂ ਦਾ ਪ੍ਰਬੰਧ ਜਿਸ ਵਿੱਚ ਸੰਗਠਨ, ਸੰਸਾਧਨ, ਮੁੜ-ਪ੍ਰਾਪਤੀ, ਅਤੇ ਸੂਚਨਾ ਦੀ ਵੱਖ-ਵੱਖ ਪੇਸ਼ਕਾਰੀਆਂ ਅਤੇ ਰੂਪਾਂ ਵਿੱਚ ਸੰਭਾਲ ਸ਼ਾਮਿਲ ਹਨ।
6. ਸੂਚਨਾ ਦੀ ਖੋਜ, ਵਿਸ਼ਲੇਸ਼ਣ ਅਤੇ ਵਿਆਖਿਆ।
7. ਲਾਇਬ੍ਰੇਰੀ ਅਤੇ ਸੂਚਨਾ ਉਤਪਾਦਾਂ ਅਤੇ ਸੇਵਾਵਾਂ ਦੇ ਸਾਰੇ ਪਹਿਲੂਆਂ ਲਈ ਸੂਚਨਾ ਅਤੇ ਸੰਚਾਰ ਤਕਨਾਲੋਜੀਆਂ ਦਾ ਉਪਯੋਗ।

ਪੇਸ਼ੇਵਰ ਲਾਇਬ੍ਰੇਰੀ/ਸੂਚਨਾ ਵਿੱਦਿਅਕ ਪ੍ਰੋਗਰਾਮਾਂ ਲਈ ਦਿਸ਼ਾ ਨਿਰਦੇਸ਼, 2012।
ਇਸ ਦਸਤਾਵੇਜ਼ ਦੇ ਕਾਪੀਰਾਈਟ ਅਧਿਕਾਰ ਇਫਲਾ (IFLA) ਨਾਲ ਸਬੰਧਿਤ ਹਨ। ਸਮੱਗਰੀ ਨੂੰ ਕ੍ਰਿਏਟਿਵ ਕਾਮਨਜ਼ ਐਟ੍ਰਿਬਿਊਸ਼ਨ 3.0 ਅਨਪੋਰਟਿਡ ਲਾਇਸੈਂਸ ਦੇ ਅਧੀਨ ਪ੍ਰਵਾਨਗੀ ਦਿੱਤੀ ਗਈ ਹੈ, ਜਿਸ ਦਾ ਮਤਲਬ ਹੈ ਕਿ ਤੁਹਾਨੂੰ ਕਾਪੀ ਕਰਨ, ਵੰਡਣ, ਅੱਗੇ ਭੇਜਣ, ਅਨੁਕੂਲ ਬਣਾਉਣ ਅਤੇ ਇਸ ਕੰਮ ਦੀ ਵਪਾਰਕ ਵਰਤੋਂ ਕਰਨ ਦੀ ਖੁੱਲ੍ਹ ਹੈ, ਬਸ਼ਰਤੇ ਹਰੇਕ ਵਰਤੋਂ ਵਿੱਚ ਇਫਲਾ (IFLA) ਦੇ ਅਧਿਕਾਰਾਂ ਦਾ ਸਹੀ ਹਵਾਲਾ ਦਿੱਤਾ ਜਾਵੇ। ਇਸ ਲਾਇਸੈਂਸ ਦੀ ਕਾਪੀ ਦੇਖਣ ਲਈ ਵੇਖੋ: http://creativecommons.org/licenses/by/3.0/. ਵਧੇਰੇ ਜਾਣਕਾਰੀ ਲਈ ਕ੍ਰਿਪਾ ਕਰਕੇ ਇਫਲਾ (IFLA) ਮੁੱਖ ਦਫ਼ਤਰ ਨਾਲ ਸੰਪਰਕ ਕਰੋ।

8. ਗਿਆਨ ਪ੍ਰਬੰਧ।
9. ਸੂਚਨਾ ਏਜੰਸੀਆਂ ਦਾ ਪ੍ਰਬੰਧ।
10. ਸੂਚਨਾ ਅਤੇ ਲਾਇਬ੍ਰੇਰੀ ਦੀ ਵਰਤੋਂ ਦੇ ਨਤੀਜਿਆਂ ਦਾ ਗਿਣਾਤਮਕ ਅਤੇ ਗੁਣਾਤਮਕ ਮੁਲਾਂਕਣ।
11. ਸਵਦੇਸ਼ੀ ਗਿਆਨ ਦੇ ਨਮੂਨੇ ਦੀ ਜਾਗਰੂਕਤਾ।

ਉਪਰੋਕਤ ਦਿੱਤੇ ਸਾਰੇ ਤੱਤਾਂ ਦੀ ਸ਼ਮੂਲੀਅਤ ਨਿਰਧਾਰਿਤ ਕਰਨਾ ਇਸ ਦਸਤਾਵੇਜ਼ ਦੇ ਦਾਇਰੇ ਤੋਂ ਬਾਹਰ ਹੈ। ਹਾਲਾਂਕਿ ਮੁੱਖ ਤੱਤ 11: ਸਵਦੇਸ਼ੀ ਗਿਆਨ ਦੇ ਨਮੂਨੇ ਦੀ ਜਾਗਰੂਕਤਾ ਦੇ ਸਬੰਧ ਵਿੱਚ ਹੇਠ ਲਿਖੇ ਦੀ ਸ਼ਮੂਲੀਅਤ ਦੇ ਮਾਰਗ ਦਰਸ਼ਨ ਦੀ ਪੇਸ਼ਕਸ਼ ਕੀਤੀ ਜਾਂਦੀ ਹੈ:

- ਸਵਦੇਸ਼ੀ ਗਿਆਨ ਦੇ ਨਮੂਨੇ ਦੀ ਜਾਗਰੂਕਤਾ।

  ਦਾਇਰੇ ਵਿੱਚ ਹੇਠ ਲਿਖੇ ਸ਼ਾਮਿਲ ਹਨ:-
  - ਸਵਦੇਸ਼ੀ ਗਿਆਨ ਦੀ ਮਹੱਤਤਾ, ਵਿਭਿੰਨਤਾ ਅਤੇ/ਜਾਂ ਢਾਂਚੇ ਨੂੰ ਸਮਝਣਾ।
  - ਸਵਦੇਸ਼ੀ ਗਿਆਨ ਦੇ ਢਾਂਚੇ ਵਿੱਚ ਸਵਦੇਸ਼ੀ ਪ੍ਰਕਿਰਿਆਵਾਂ, ਦਰਸ਼ਨ ਅਤੇ ਭਾਸ਼ਾ ਦਾ ਅੰਦਰੂਨੀ ਪ੍ਰਭਾਵ ਹੁੰਦਾ ਹੈ।
  - ਸਵਦੇਸ਼ੀ ਉਪਭੋਗਤਾਵਾਂ ਦੀਆਂ ਸੂਚਨਾ ਸ੍ਰੋਤਾਂ ਅਤੇ ਸੇਵਾਵਾਂ ਦੀ ਸਪੁਰਦਗੀ ਦੀਆਂ ਲੋੜਾਂ ਦੀ ਪੜਤਾਲ ਕਰਨ ਸਮੇਂ ਸਵਦੇਸ਼ੀ ਖੋਜ ਵਿਧੀਆਂ ਨੂੰ ਵਰਤਣ ਦੀ ਮਹੱਤਤਾ।

ਇਨ੍ਹਾਂ ਵਿਸ਼ੇਸ਼ਤਾਵਾਂ ਨੂੰ ਅੱਗੇ ਕਦਰਾਂ-ਕੀਮਤਾਂ ਨਾਲ ਜਾਣੂ ਕਰਵਾਇਆ ਜਾਵੇਗਾ। ਇਥੇ ਇਹ ਨੋਟ ਕਰਨਾ ਮਹਤੱਵਪੂਰਨ ਹੈ ਕਿ ਹਾਲਾਂਕਿ ਸਵਦੇਸ਼ੀ ਲੋਕਾਂ ਦੇ ਵਿੱਚ ਕੁਝ ਸਮਾਨਤਾਵਾਂ ਹਨ, ਪ੍ਰੰਤੂ ਉਥੇ ਹੀ ਉੱਚ-ਪੱਧਰੀ ਵਿਭਿੰਨਤਾ ਵੀ ਹੈ। ਇਸ ਲਈ ਹਰੇਕ ਸਵਦੇਸ਼ੀ ਭਾਈਚਾਰੇ ਦੀਆਂ ਆਪਣੀਆਂ ਕਦਰਾਂ-ਕੀਮਤਾਂ ਅਤੇ ਵਿਸ਼ੇ (ਉਨ੍ਹਾਂ ਦੀ ਅਪਣੀ ਭਾਸ਼ਾ ਵਿੱਚ ਆਪਣੇ ਸਭਿਆਚਾਰਕ ਨਿਰਮਾਣ ਵਿੱਚੋਂ ਪ੍ਰਗਟਾਏ ਹੋਏ) ਹੋਣਗੇ। ਹਾਲਾਂਕਿ ਵਿਰਾਸਤ, ਸਰਪ੍ਰਸਤੀ, ਵੈਧਤਾ, ਨਵੀਨਤਾ, ਸਤਿਕਾਰ ਅਤੇ ਭਾਸ਼ਾ ਸਵਦੇਸ਼ੀ ਲੋਕਾਂ ਦੀਆਂ ਆਮ ਪ੍ਰਮੁੱਖ ਕਦਰਾਂ-ਕੀਮਤਾਂ ਅਤੇ ਵਿਸ਼ਾਵਸਤੂ ਵਿੱਚ ਸ਼ਾਮਿਲ ਹਨ (Lilley, 2012)।

## ਦਿ.ਨਿ. 3 ਪਾਠਕ੍ਰਮ

### ਉਦੇਸ਼

ਪਾਠਕ੍ਰਮ ਵਿੱਚ ਪ੍ਰੋਗਰਾਮ ਦੇ ਟੀਚਿਆਂ ਅਤੇ ਉਦੇਸ਼ਾਂ ਦੇ ਅਧਾਰ 'ਤੇ ਕੋਰਸਾਂ ਅਤੇ ਹੋਰ ਵਿੱਦਿਅਕ ਅਨੁਭਵਾਂ ਦੀ ਏਕੀਕ੍ਰਿਤ ਲੜੀ ਸ਼ਾਮਿਲ ਹੋਣੀ ਚਾਹੀਦੀ ਹੈ। ਇਸਨੂੰ ਵਿਦਿਆਰਥੀਆਂ ਨੂੰ ਲਾਇਬ੍ਰੇਰੀ/ਸੂਚਨਾ ਖੇਤਰ ਵਿੱਚ ਖੋਜ ਅਤੇ ਅਭਿਆਸ ਲਈ ਇੱਕ ਸਿਧਾਂਤਕ ਢਾਂਚਾ ਮੁੱਹਈਆ ਕਰਵਾਉਣਾ ਚਾਹੀਦਾ ਹੈ। ਪੇਸ਼ੇਵਰ ਯੋਗਤਾਵਾਂ ਹਾਸਿਲ ਕਰਨ ਅਤੇ ਪ੍ਰਦਰਸ਼ਿਤ ਕਰਨ ਦੇ ਮੌਕੇ ਵਿੱਦਿਅਕ ਪ੍ਰੋਗਰਾਮ ਦਾ ਹਿੱਸਾ ਹੋਣੇ ਚਾਹੀਦੇ ਹਨ। ਪੇਸ਼ੇਵਰ ਸਰੋਕਾਰਾਂ ਦੀ ਜਾਗਰੂਕਤਾ ਨੂੰ ਪ੍ਰੋਗਰਾਮ ਅਨੁਸਾਰ ਖਰੇ ਉਤਰਨਾ ਚਾਹੀਦਾ ਹੈ।

### ਸਿਧਾਂਤ

**ਜਨਤਕ ਦਸਤਾਵੇਜ਼**: ਪਾਠਕ੍ਰਮ ਨੂੰ ਜਨਤਕ ਤੌਰ ਤੇ ਉਪਲਬਧ ਰਸਮੀ ਦਸਤਾਵੇਜ਼ ਵਿੱਚ ਸਪਸ਼ਟ ਤੌਰ ਤੇ ਦਰਸਾਇਆ ਜਾਣਾ ਚਾਹੀਦਾ ਹੈ, ਜਿਸ ਵਿੱਚ ਪ੍ਰੋਗਰਾਮ ਦੇ ਅੰਦਰ ਹਰੇਕ ਕੋਰਸ ਦੇ ਉਦੇਸ਼ਾਂ, ਜ਼ਰੂਰੀ ਸ਼ਰਤਾਂ, ਸਮੱਗਰੀ, ਸਿੱਖਣ ਦੇ ਨਤੀਜਿਆਂ ਅਤੇ ਮੁਲਾਂਕਣ ਵਿਧੀਆਂ ਦਾ ਵੇਰਵਾ ਦਿੱਤਾ ਜਾਣਾ ਚਾਹੀਦਾ ਹੈ।

ਪੇਸ਼ੇਵਰ ਲਾਇਬ੍ਰੇਰੀ/ਸੂਚਨਾ ਵਿੱਦਿਅਕ ਪ੍ਰੋਗਰਾਮਾਂ ਲਈ ਦਿਸ਼ਾ ਨਿਰਦੇਸ਼, 2012।
ਇਸ ਦਸਤਾਵੇਜ਼ ਦੇ ਕਾਪੀਰਾਈਟ ਅਧਿਕਾਰ ਇਫਲਾ (IFLA) ਨਾਲ ਸਬੰਧਿਤ ਹਨ। ਸਮੱਗਰੀ ਨੂੰ ਕ੍ਰਿਏਟਿਵ ਕਾਮਨਜ਼ ਐਟ੍ਰਿਬਿਊਸ਼ਨ 3.0 ਅਨਪੋਰਟਿਡ ਲਾਇਸੈਂਸ ਦੇ ਅਧੀਨ ਪ੍ਰਵਾਨਗੀ ਦਿੱਤੀ ਗਈ ਹੈ, ਜਿਸ ਦਾ ਮਤਲਬ ਹੈ ਕਿ ਤੁਹਾਨੂੰ ਕਾਪੀ ਕਰਨ, ਵੰਡਣ, ਅੱਗੇ ਭੇਜਣ, ਅਨੁਕੂਲ ਬਣਾਉਣ ਅਤੇ ਇਸ ਕੰਮ ਦੀ ਵਪਾਰਕ ਵਰਤੋਂ ਕਰਨ ਦੀ ਖੁੱਲ੍ਹ ਹੈ, ਬਸ਼ਰਤੇ ਹਰੇਕ ਵਰਤੋਂ ਵਿੱਚ ਇਫਲਾ (IFLA) ਦੇ ਅਧਿਕਾਰਾਂ ਦਾ ਸਹੀ ਹਵਾਲਾ ਦਿੱਤਾ ਜਾਵੇ। ਇਸ ਲਾਇਸੈਂਸ ਦੀ ਕਾਪੀ ਦੇਖਣ ਲਈ ਵੇਖੋ: http://creativecommons.org/licenses/by/3.0/. ਵਧੇਰੇ ਜਾਣਕਾਰੀ ਲਈ ਕ੍ਰਿਪਾ ਕਰਕੇ ਇਫਲਾ (IFLA) ਮੁੱਖ ਦਫ਼ਤਰ ਨਾਲ ਸੰਪਰਕ ਕਰੋ।

**ਆਮ ਸਿਖਿਆ ਦਾ ਦਾਇਰਾ:** ਵਿਦਿਆਰਥੀਆਂ ਨੂੰ ਲਾਇਬ੍ਰੇਰੀ/ਸੂਚਨਾ ਪੇਸ਼ੇਵਰ ਕੋਰਸਾਂ ਲਈ ਸਮੁੱਚੇ ਵਿੱਦਿਅਕ ਪ੍ਰੋਗਰਾਮ ਦੇ ਮਹੱਤਵਪੂਰਨ ਹਿੱਸੇ ਵਜੋਂ ਵਿਆਪਕ ਆਮ ਸਿੱਖਿਆ (ਜਿਸ ਵਿੱਚ ਕਿ ਦੂਸਰੇ ਵਿਸ਼ਿਆਂ ਵਿੱਚੋਂ ਪ੍ਰਸੰਗ ਸ਼ਾਮਿਲ ਹੋਣ) ਗ੍ਰਹਿਣ ਕਰਨੀ ਚਾਹੀਦੀ ਹੈ।

**ਮੁੱਖ ਲਾਇਬ੍ਰੇਰੀ/ਸੂਚਨਾ ਕੋਰਸਵਰਕ:** ਪ੍ਰੋਗਰਾਮਾਂ ਨੂੰ ਸਰਕਾਰ ਜਾਂ ਪੇਸ਼ੇਵਰ ਐਸੋਸੀਏਸ਼ਨਾਂ ਦੁਆਰਾ ਜਾਰੀ ਕੀਤੇ ਵਿੱਦਿਅਕ ਨੀਤੀ ਕਥਨਾਂ ਦਾ ਜੋ ਕਿ ਮਹੱਤਵਪੂਰਨ ਗਿਆਨ ਅਤੇ ਹੁਨਰ ਦੇ ਹਿੱਸਿਆਂ ਦੀ ਪਛਾਣ ਕਰਦੇ ਹੋਣ, ਹਵਾਲਾ ਦੇਣਾ ਚਾਹੀਦਾ ਹੈ।

**ਪ੍ਰੈਕਟੀਕਲ, ਇੰਟਰਨਸ਼ਿਪ ਜਾਂ ਫੀਲਡਵਰਕ:** ਪ੍ਰੋਗਰਾਮ ਵਿੱਚ ਵਿਦਿਆਰਥੀਆਂ ਨੂੰ ਵਿਹਾਰਕ ਢੰਗ ਨਾਲ ਪੇਸ਼ੇਵਰ ਸਿਧਾਂਤਾਂ ਅਤੇ ਪੇਸ਼ੇਵਰ ਅਭਿਆਸ ਵਿੱਚ ਉਹਨਾਂ ਦੇ ਉਪਯੋਗ ਦੇ ਆਪਸੀ ਤਾਲਮੇਲ ਦੀ ਕਦਰ ਕਰਨ ਦੀ ਇਜਾਜ਼ਤ ਦੇਣ ਦੇ ਉਚਿਤ ਸਾਧਨਾਂ ਨੂੰ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ। ਲੋੜੀਂਦੇ ਸਿੱਖਣ ਦੇ ਨਤੀਜਿਆਂ ਤੇ ਨਿਰਭਰ ਕਰਦਿਆਂ, ਇਸ ਵਿੱਚ ਪ੍ਰਾਯੋਗਿਕ ਪ੍ਰੋਜੈਕਟ ਖੋਜ ਅਤੇ/ਜਾਂ ਪ੍ਰੋਜੈਕਟ ਵੀ ਸ਼ਾਮਿਲ ਹੋ ਸਕਦੇ ਹਨ ਜਿਨ੍ਹਾਂ ਵਿੱਚ ਪਲੇਸਮੈਂਟ ਵਾਤਾਵਰਣ ਵਿੱਚ ਕੀਤੀਆਂ ਗਈਆਂ ਪ੍ਰਮਾਣਿਕ ਪ੍ਰੈਕਟੀਕਲ ਗਤੀਵਿਧੀਆਂ ਸ਼ਾਮਿਲ ਹੋਣ।

**ਤਬਾਦਲੇਯੋਗ ਹੁਨਰ:** ਅਧਿਆਪਨ ਅਤੇ ਮੁਲਾਂਕਣ ਦੇ ਢੰਗ ਵਿਦਿਆਰਥੀਆਂ ਦੇ ਅੰਤਰ-ਵਿਦਿਆਰਥੀ ਸੰਚਾਰ ਹੁਨਰ, ਟੀਮ ਵਿੱਚ ਕੰਮ ਕਰਨ ਦੀ ਯੋਗਤਾ, ਅਤੇ ਸਮਾਂ ਅਤੇ ਕਾਰਜ ਪ੍ਰਬੰਧਨ ਦੇ ਹੁਨਰ ਨੂੰ ਵਿਕਸਿਤ ਕਰਨ ਜਾਂ ਅੱਗੇ ਵਧਾਉਣ ਲਈ ਤਿਆਰ ਕੀਤੇ ਜਾਣੇ ਚਾਹੀਦੇ ਹਨ। ਪੇਸ਼ੇਵਰ ਪੱਧਰ ਤੇ ਵਿਦਿਆਰਥੀਆਂ ਦੇ ਵਿਸ਼ਲੇਸ਼ਣਾਤਮਕ ਅਤੇ ਸਮੱਸਿਆ ਹੱਲ ਕਰਨ ਦੇ ਹੁਨਰਾਂ ਨੂੰ ਵਿਕਸਿਤ ਕਰਨ ਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ।

**ਪੜਾਉਣ ਦੇ ਢੰਗ:** ਜਿੱਥੇ ਡਿਸਟੈਂਸ ਐਜੂਕੇਸ਼ਨ ਅਤੇ ਸਿੱਖਣ ਦੇ ਆਨਲਾਈਨ ਢੰਗਾਂ ਦੀ ਵਰਤੋਂ ਕੀਤੀ ਜਾਂਦੀ ਹੈ ਉੱਥੇ ਪਾਠਕ੍ਰਮ ਦੀ ਸਮੱਗਰੀ ਅਤੇ ਸਿੱਖਿਆ ਦੇ ਤਜ਼ਰਬੇ ਦੀ ਗੁਣਵੱਤਾ ਆਨਸਾਈਟ ਪੇਸ਼ ਕੀਤੇ ਗਏ ਅਨੁਭਵਾਂ ਦੇ ਤੁਲਨਾਤਮਕ ਹੋਣੀ ਚਾਹੀਦੀ ਹੈ। ਅਜਿਹੀਆਂ ਪੇਸ਼ਕਸ਼ਾਂ ਬਾਰੇ ਦਸਤਾਵੇਜ਼ੀਕਰਨ ਵਿੱਚ ਅਜਿਹੇ ਵਿਦਿਆਰਥੀਆਂ ਦੀਆਂ ਤਕਨਾਲੋਜੀ ਸਬੰਧੀ ਜ਼ਰੂਰਤਾਂ ਨੂੰ ਸਪਸ਼ਟ ਰੂਪ ਵਿੱਚ ਦੱਸਣਾ ਚਾਹੀਦਾ ਹੈ।

**ਨਿਰੰਤਰ ਸਿੱਖਿਆ:** ਬਦਲਦੇ ਸਮਾਜ ਵਿੱਚ ਅਭਿਆਸੀ ਲਾਇਬ੍ਰੇਰੀਅਨਾਂ ਅਤੇ ਸੂਚਨਾ ਮਾਹਿਰਾਂ ਨੂੰ ਯੋਗਤਾ ਕਾਇਮ ਰੱਖਣ ਅਤੇ ਅਧਿਆਪਕਾਂ ਨੂੰ ਅਭਿਆਸ ਸਬੰਧੀ ਮੁੱਦਿਆਂ ਅਤੇ ਰੁਝਾਨਾਂ ਬਾਰੇ ਜਾਗਰੂਕ ਰੱਖਣ ਲਈ ਪ੍ਰੋਗਰਾਮ ਨੂੰ ਲਾਇਬ੍ਰੇਰੀਅਨਾਂ ਅਤੇ ਸੂਚਨਾ ਮਾਹਿਰਾਂ ਦੇ ਲਾਭ ਲਈ ਜਾਂ ਤਾਂ ਯੋਗ ਵਰਕਸ਼ਾਪਾਂ ਅਤੇ ਲਘੂ ਕੋਰਸ ਕਰਵਾਉਣੇ ਚਾਹੀਦੇ ਹਨ ਜਾਂ ਫਿਰ ਇਸ ਸਬੰਧੀ ਹੋਰ ਏਜੰਸੀਆਂ ਨਾਲ ਹਿੱਸੇਦਾਰੀ ਕਰਨੀ ਚਾਹੀਦੀ ਹੈ।

**ਪਾਠਕ੍ਰਮ ਦੀ ਨਿਯਮਤ ਸਮੀਖਿਆ:** ਰਸਮੀ ਪਾਠਕ੍ਰਮ ਸਮੀਖਿਆ ਦੀ ਪ੍ਰਕਿਰਿਆ ਨਿਯਮਤ ਅਧਾਰ ਤੇ ਹੋਣੀ ਚਾਹੀਦੀ ਹੈ ਅਤੇ ਅਗਲੀ ਸਮੀਖਿਆ 2017 ਵਿੱਚ ਜਾਂ ਇਸਤੋਂ ਪਹਿਲਾਂ ਹੋਣੀ ਚਾਹੀਦੀ ਹੈ। ਇਸ ਸਮੀਖਿਆ ਵਿੱਚ ਰੁਜ਼ਗਾਰ ਪ੍ਰਦਾਨ ਕਰਤਾ, ਅਭਿਆਸੀਆਂ (ਪ੍ਰੈਕਟਿਸ਼ਨਰਾਂ) ਅਤੇ ਪੇਸ਼ੇਵਰ ਐਸੋਸ਼ੀਏਸ਼ਨਾਂ ਦੇ ਨਾਲ-ਨਾਲ ਵਿਦਿਆਰਥੀਆਂ ਅਤੇ ਅਧਿਆਪਕਾਂ ਦੁਆਰਾ ਦਿੱਤੀ ਜਾਣ ਵਾਲੀ ਜਾਣਕਾਰੀ ਸ਼ਾਮਿਲ ਹੋਣੀ ਚਾਹੀਦੀ ਹੈ ਅਤੇ ਇਸਦੀ ਨਿਗਰਾਨੀ ਇਫਲਾ (IFLA) ਸਟੈਂਡਰਡਜ਼ ਕਮੇਟੀ ਦੁਆਰਾ ਕੀਤੀ ਜਾਵੇਗੀ।

ਪੇਸ਼ੇਵਰ ਲਾਇਬ੍ਰੇਰੀ/ਸੂਚਨਾ ਵਿੱਦਿਅਕ ਪ੍ਰੋਗਰਾਮਾਂ ਲਈ ਦਿਸ਼ਾ ਨਿਰਦੇਸ਼, 2012।
ਇਸ ਦਸਤਾਵੇਜ਼ ਦੇ ਕਾਪੀਰਾਈਟ ਅਧਿਕਾਰ ਇਫਲਾ (IFLA) ਨਾਲ ਸਬੰਧਿਤ ਹਨ। ਸਮੱਗਰੀ ਨੂੰ ਕ੍ਰਿਏਟਿਵ ਕਾਮਨਜ਼ ਐਟ੍ਰਿਬਿਊਸ਼ਨ 3.0 ਅਨਪੋਰਟਿਡ ਲਾਇਸੈਂਸ ਦੇ ਅਧੀਨ ਪ੍ਰਵਾਨਗੀ ਦਿੱਤੀ ਗਈ ਹੈ, ਜਿਸ ਦਾ ਮਤਲਬ ਹੈ ਕਿ ਤੁਹਾਨੂੰ ਕਾਪੀ ਕਰਨ, ਵੰਡਣ, ਅੱਗੇ ਭੇਜਣ, ਅਨੁਕੂਲ ਬਣਾਉਣ ਅਤੇ ਇਸ ਕੰਮ ਦੀ ਵਪਾਰਕ ਵਰਤੋਂ ਕਰਨ ਦੀ ਖੁੱਲ੍ਹ ਹੈ, ਬਸ਼ਰਤੇ ਹਰੇਕ ਵਰਤੋਂ ਵਿੱਚ ਇਫਲਾ (IFLA) ਦੇ ਅਧਿਕਾਰਾਂ ਦਾ ਸਹੀ ਹਵਾਲਾ ਦਿੱਤਾ ਜਾਵੇ। ਇਸ ਲਾਇਸੈਂਸ ਦੀ ਕਾਪੀ ਦੇਖਣ ਲਈ ਵੇਖੋ: http://creativecommons.org/licenses/by/3.0/. ਵਧੇਰੇ ਜਾਣਕਾਰੀ ਲਈ ਕ੍ਰਿਪਾ ਕਰਕੇ ਇਫਲਾ (IFLA) ਮੁੱਖ ਦਫ਼ਤਰ ਨਾਲ ਸੰਪਰਕ ਕਰੋ।

## ਦਿ.ਨਿ. 4: ਫੈਕਲਟੀ ਅਤੇ ਸਟਾਫ

### ਉਦੇਸ਼

ਪ੍ਰੋਗਰਾਮ ਦੇ ਸਟਾਫ਼ ਦੀ ਸਥਿਤੀ ਅਤੇ ਅਧਿਕਾਰ ਮੂਲ ਸੰਸਥਾ ਵਿੱਚ ਸਮਾਨ ਇਕਾਈਆਂ ਦੇ ਬਰਾਬਰ ਹੋਣੇ ਚਾਹੀਦੇ ਹਨ। ਫੈਕਲਟੀ ਅਤੇ ਖੋਜ ਅਮਲੇ ਕੋਲ ਅਧਿਆਪਨ, ਪ੍ਰਬੰਧਕੀ ਯੋਗਤਾ ਅਤੇ ਲੀਡਰਸ਼ਿਪ ਦੇ ਹੁਨਰ ਦੇ ਤੁਲਨਾਤਮਕ ਅਕਾਦਮਿਕ ਅਤੇ ਪੇਸ਼ੇਵਰ ਯੋਗਤਾਵਾਂ ਹੋਣੀਆਂ ਚਾਹੀਦੀਆਂ ਹਨ।

### ਸਿਧਾਂਤ

**ਅਕਾਦਮਿਕ ਸਟਾਫ:** ਪ੍ਰੋਗਰਾਮ ਦੇ ਉਦੇਸ਼ਾਂ ਦੀ ਪੂਰਤੀ ਲਈ ਲੋੜੀਂਦਾ ਅਕਾਦਮਿਕ ਸਟਾਫ਼ ਹੋਣਾ ਚਾਹੀਦਾ ਹੈ। ਹਰੇਕ ਫੁਲ-ਟਾਈਮ ਫੈਕਲਟੀ ਮੈਂਬਰ ਦੀ ਯੋਗਤਾ ਵਿੱਚ ਨਿਰਧਾਰਿਤ ਅਧਿਆਪਨ ਖੇਤਰਾਂ ਵਿੱਚ ਖੋਜ-ਅਧਾਰਿਤ ਯੋਗਤਾ, ਤਕਨੀਕੀ ਮੁਹਾਰਤ, ਅਧਿਆਪਨ ਵਿੱਚ ਪ੍ਰਭਾਵਸ਼ੀਲਤਾ, ਸਕਾਲਰਸ਼ਿਪ ਦਾ ਨਿਰੰਤਰ ਰਿਕਾਰਡ ਅਤੇ ਉਚਿਤ ਪੇਸ਼ੇਵਰ ਸੰਗਠਨਾਂ ਵਿੱਚ ਸਰਗਰਮ ਭਾਗੀਦਾਰੀ ਸ਼ਾਮਿਲ ਹੋਣੀ ਚਾਹੀਦੀ ਹੈ। ਪੇਸ਼ੇਵਰ ਪੱਧਰ ਤੇ ਪ੍ਰੋਗਰਾਮ ਦੇ ਅਧਿਆਪਕਾਂ ਲਈ ਯੂਨੀਵਰਸਿਟੀ ਦੇ ਦੂਜੇ ਵਿਸ਼ਿਆਂ ਦੇ ਅਧਿਆਪਕਾਂ ਦੇ ਬਰਾਬਰ ਸਕਾਲਰਸ਼ਿਪ ਦੇ ਨਿਰੰਤਰ ਰਿਕਾਰਡ ਦੀ ਉਮੀਦ ਕੀਤੀ ਜਾਂਦੀ ਹੈ।

**ਪ੍ਰੋਗਰਾਮ ਦਾ ਮੁਖੀ:** ਪ੍ਰੋਗਰਾਮ ਦੇ ਮੁਖੀ ਦਾ ਰੁਤਬਾ ਅਤੇ ਅਧਿਕਾਰ ਮੂਲ ਸੰਸਥਾ ਵਿੱਚ ਸਮਾਨ ਇਕਾਈਆਂ ਦੇ ਮੁਖੀਆਂ ਦੇ ਬਰਾਬਰ ਹੋਣੇ ਚਾਹੀਦੇ ਹਨ। ਪ੍ਰੋਗਰਾਮ ਦੇ ਮੁਖੀ ਕੋਲ ਫੈਕਲਟੀ ਲਈ ਲੋੜੀਂਦੀਆਂ ਅਧਿਆਪਨ, ਪ੍ਰਬੰਧਕੀ ਯੋਗਤਾ ਅਤੇ ਲੀਡਰਸ਼ਿਪ ਦੇ ਹੁਨਰ ਦੇ ਤੁਲਨਾਤਮਕ ਅਕਾਦਮਿਕ ਅਤੇ ਪੇਸ਼ੇਵਰ ਯੋਗਤਾਵਾਂ ਹੋਣੀਆਂ ਚਾਹੀਦੀਆਂ ਹਨ।

**ਫੈਕਲਟੀ ਦੀ ਨਿਯੁਕਤੀ: ਸਮੀਖਿਆ ਅਤੇ ਤਰੱਕੀ ਲਈ ਨੀਤੀਆਂ:** ਵਿੱਦਿਅਕ ਪ੍ਰੋਗਰਾਮ ਵਿੱਚ ਤੁਲਨਾਤਮਕ ਇਕਾਈਆਂ ਦੇ ਬਰਾਬਰ ਫੁਲ-ਟਾਈਮ ਫੈਕਲਟੀ ਦੀ ਨਿਯੁਕਤੀ, ਸਮੀਖਿਆ ਅਤੇ ਤਰੱਕੀ ਲਈ ਨੀਤੀਆਂ ਅਤੇ ਮਾਪਦੰਡ ਵਰਣਿਤ ਹੋਣੇ ਚਾਹੀਦੇ ਹਨ। ਸਾਰੇ ਫੁਲ-ਟਾਈਮ ਫੈਕਲਟੀ ਮੈਂਬਰਾਂ ਨੂੰ ਮਾਨਤਾ ਪ੍ਰਾਪਤ ਅਕਾਦਮਿਕ ਸੰਸਥਾਵਾਂ ਤੋਂ ਸਬੰਧਤ ਵਿਸ਼ਿਆਂ ਵਿੱਚ ਡਿਗਰੀਆਂ ਪ੍ਰਾਪਤ ਹੋਣੀਆਂ ਚਾਹੀਦੀਆਂ ਹਨ। ਅਕਾਦਮਿਕ ਟੀਚਿੰਗ ਸਟਾਫ਼ ਦੀ ਨਿਰੰਤਰ ਸਿੱਖਿਆ ਅਤੇ ਪੇਸ਼ੇਵਰ ਵਿਕਾਸ ਲਈ, ਅਤੇ ਕੋਰਸਾਂ ਅਤੇ ਅਧਿਆਪਨ ਦੇ ਢੰਗਾਂ ਦੀ ਮੁਦਰਾ ਅਤੇ ਸਾਰਥਕਤਾ ਦੀ ਸਮੀਖਿਆ ਕਰਨ ਲਈ ਸਪਸ਼ਟ ਤੌਰ ਤੇ ਕਥਨ ਕੀਤੀ ਹੋਈ ਨੀਤੀ ਹੋਣੀ ਚਾਹੀਦੀ ਹੈ।

**ਪਾਰਟ-ਟਾਈਮ ਫੈਕਲਟੀ:** ਪਾਰਟ-ਟਾਈਮ ਫੈਕਲਟੀ ਢੁਕਵੀਂ ਯੋਗਤਾ ਪ੍ਰਾਪਤ ਹੋਣੀ ਚਾਹੀਦੀ ਹੈ ਅਤੇ ਉਸ ਨੂੰ ਫੁੱਲ-ਟਾਈਮ ਫੈਕਲਟੀ ਦੀਆਂ ਅਧਿਆਪਨ ਯੋਗਤਾਵਾਂ ਅਨੁਸਾਰ ਸੰਤੁਲਿਤ ਅਤੇ ਪੂਰਕ ਹੋਣਾ ਚਾਹੀਦਾ ਹੈ। ਪਾਰਟ-ਟਾਈਮ ਫੈਕਲਟੀ ਤੋਂ ਪ੍ਰਾਪਤ ਜਾਣਕਾਰੀ ਨਿਵੇਸ਼ ਨੂੰ ਸਮੁੱਚੇ ਤੌਰ ਤੇ ਪ੍ਰੋਗਰਾਮ ਦੇ ਨਾਲ ਤਾਲਮੇਲ ਕੀਤਾ ਜਾਣਾ ਚਾਹੀਦਾ ਹੈ।

**ਗੈਰ-ਅਕਾਦਮਿਕ ਸਟਾਫ਼:** ਗੈਰ-ਅਕਾਦਮਿਕ ਸਟਾਫ਼ (ਕਲੈਰੀਕਲ, ਸੈਕਟਰੀਅਲ, ਟੈਕਨੀਕਲ) ਦੀ ਯੋਗਤਾ ਤੁਲਨਾਤਮਕ ਇਕਾਈਆਂ ਦੇ ਵਿਅਕਤੀਆਂ ਦੇ ਬਰਾਬਰ ਹੋਣੀ ਚਾਹੀਦੀ ਹੈ। ਸਟਾਫ਼ ਦੀ ਗਿਣਤੀ ਅਤੇ ਕਿਸਮ ਫੈਕਲਟੀ ਨੂੰ ਉਹਨਾਂ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਵਿੱਚ ਸਹਾਇਤਾ ਕਰਨ ਲਈ ਢੁੱਕਵੀਂ ਹੋਣੀ ਚਾਹੀਦੀ ਹੈ।

**ਸਲਾਹ-ਮਸ਼ਵਰਾ:** ਪ੍ਰੋਗਰਾਮ ਦੇ ਸਟਾਫ਼ ਨੂੰ ਲਾਇਬ੍ਰੇਰੀਆਂ ਅਤੇ ਸੂਚਨਾ ਏਜੰਸੀਆਂ ਨੂੰ ਸਲਾਹ ਦੇਣ ਦਾ ਮੌਕਾ ਮਿਲਣਾ ਚਾਹੀਦਾ ਹੈ ਤਾਂ ਜੋ ਵਿੱਦਿਅਕ ਸੰਸਥਾ ਅਤੇ ਅਭਿਆਸ (ਪ੍ਰੈਕਟਿਸ) ਦੇ ਵਿਚਕਾਰ ਆਪਸੀ ਤਾਲਮੇਲ ਨੂੰ ਹੋਰ ਵਿਕਸਿਤ ਕੀਤਾ ਜਾ ਸਕੇ।

ਪੇਸ਼ੇਵਰ ਲਾਇਬ੍ਰੇਰੀ/ਸੂਚਨਾ ਵਿੱਦਿਅਕ ਪ੍ਰੋਗਰਾਮਾਂ ਲਈ ਦਿਸ਼ਾ ਨਿਰਦੇਸ਼, 2012।

ਇਸ ਦਸਤਾਵੇਜ਼ ਦੇ ਕਾਪੀਰਾਈਟ ਅਧਿਕਾਰ ਇਫਲਾ (IFLA) ਨਾਲ ਸਬੰਧਿਤ ਹਨ। ਸਮੱਗਰੀ ਨੂੰ ਕ੍ਰਿਏਟਿਵ ਕਾਮਨਜ਼ ਐਟ੍ਰਿਬਿਊਸ਼ਨ 3.0 ਅਨਪੋਰਟਿਡ ਲਾਇਸੈਂਸ ਦੇ ਅਧੀਨ ਪ੍ਰਵਾਨਗੀ ਦਿੱਤੀ ਗਈ ਹੈ, ਜਿਸ ਦਾ ਮਤਲਬ ਹੈ ਕਿ ਤੁਹਾਨੂੰ ਕਾਪੀ ਕਰਨ, ਵੰਡਣ, ਅੱਗੇ ਭੇਜਣ, ਅਨੁਕੂਲ ਬਣਾਉਣ ਅਤੇ ਇਸ ਕੰਮ ਦੀ ਵਪਾਰਕ ਵਰਤੋਂ ਕਰਨ ਦੀ ਖੁੱਲ੍ਹ ਹੈ, ਬਸ਼ਰਤੇ ਹਰੇਕ ਵਰਤੋਂ ਵਿੱਚ ਇਫਲਾ (IFLA) ਦੇ ਅਧਿਕਾਰਾਂ ਦਾ ਸਹੀ ਹਵਾਲਾ ਦਿੱਤਾ ਜਾਵੇ। ਇਸ ਲਾਇਸੈਂਸ ਦੀ ਕਾਪੀ ਦੇਖਣ ਲਈ ਵੇਖੋ: http://creativecommons.org/licenses/by/3.0/. ਵਧੇਰੇ ਜਾਣਕਾਰੀ ਲਈ ਕ੍ਰਿਪਾ ਕਰਕੇ ਇਫਲਾ (IFLA) ਮੁੱਖ ਦਫ਼ਤਰ ਨਾਲ ਸੰਪਰਕ ਕਰੋ।

## ਦਿ.ਨਿ. 5: ਵਿਦਿਆਰਥੀ

### ਉਦੇਸ਼

ਵਿਦਿਆਰਥੀਆਂ ਦੀ ਚੋਣ ਸਪਸ਼ਟ, ਜਨਤਕ ਤੌਰ ਤੇ ਉਪਲਬਧ ਮਾਪਦੰਡਾਂ ਤੇ ਅਧਾਰਿਤ ਹੋਣੀ ਚਾਹੀਦੀ ਹੈ ਜਿਸ ਵਿੱਚ ਦਿਲਚਸਪੀ, ਯੋਗਤਾ, ਬੌਧਿਕ ਅਤੇ ਵਿੱਦਿਅਕ ਪਿਛੋਕੜ ਅਤੇ ਵਿਭਿੰਨਤਾ ਨੂੰ ਸੰਬੋਧਿਤ ਕੀਤਾ ਜਾਣਾ ਚਾਹੀਦਾ ਹੈ।

### ਸਿਧਾਂਤ

**ਅਕਾਦਮਿਕ ਨੀਤੀਆਂ:** ਵਿਦਿਆਰਥੀਆਂ ਲਈ ਭਰਤੀ, ਦਾਖ਼ਲਾ, ਵਿੱਤੀ ਸਹਾਇਤਾ, ਰੁਜ਼ਗਾਰ, ਅਤੇ ਹੋਰ ਅਕਾਦਮਿਕ ਅਤੇ ਪ੍ਰਬੰਧਕੀ ਨੀਤੀਆਂ ਵਿੱਦਿਅਕ ਪ੍ਰੋਗਰਾਮ ਅਤੇ ਸਮੁੱਚੇ ਤੌਰ ਤੇ ਵਿੱਦਿਅਕ ਸੰਸਥਾ ਦੇ ਮਿਸ਼ਨ, ਟੀਚਿਆਂ ਅਤੇ ਉਦੇਸ਼ਾਂ ਦੇ ਅਨੁਕੂਲ ਅਤੇ ਸਪਸ਼ਟ ਤੌਰ ਤੇ ਗੈਰ-ਪੱਖਪਾਤੀ ਹੋਣੀਆਂ ਚਾਹੀਦੀਆਂ ਹਨ। ਨੀਤੀਆਂ ਨੂੰ ਪ੍ਰੋਗਰਾਮ ਦੁਆਰਾ ਪ੍ਰਦਾਨ ਕੀਤੇ ਗਏ ਹਲਕਿਆਂ ਦੀਆਂ ਜ਼ਰੂਰਤਾਂ ਅਤੇ ਕਦਰਾਂ-ਕੀਮਤਾਂ ਨੂੰ ਦਰਸਾਉਣਾ ਚਾਹੀਦਾ ਹੈ। ਨੀਤੀਆਂ ਜਨਤਕ ਤੌਰ 'ਤੇ ਉਪਲਬਧ ਹੋਣੀਆਂ ਚਾਹੀਦੀਆਂ ਹਨ।

**ਦਾਖਲਾ:** ਵਿਦਿਆਰਥੀਆਂ ਦੀ ਚੋਣ ਸਪਸ਼ਟ, ਜਨਤਕ ਤੌਰ ਤੇ ਉਪਲਬਧ ਮਾਪਦੰਡਾਂ ਤੇ ਅਧਾਰਿਤ ਹੋਣੀ ਚਾਹੀਦੀ ਹੈ। ਦਿਲਚਸਪੀ, ਯੋਗਤਾ, ਬੌਧਿਕ ਅਤੇ ਵਿੱਦਿਅਕ ਪਿਛੋਕੜ ਅਤੇ ਵਿਭਿੰਨਤਾ ਨੂੰ ਮਾਪਦੰਡਾਂ ਵਿੱਚ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ। ਦਾਖ਼ਲੇ ਲਈ ਮਾਪਦੰਡ ਨਿਰੰਤਰ ਲਾਗੂ ਕੀਤੇ ਜਾਣੇ ਚਾਹੀਦੇ ਹਨ।

**ਅਧਿਐਨ ਦਾ ਪ੍ਰੋਗਰਾਮ:** ਵਿੱਦਿਅਕ ਪ੍ਰੋਗਰਾਮ ਦੇ ਮਿਸ਼ਨ, ਟੀਚਿਆਂ ਅਤੇ ਉਦੇਸ਼ਾਂ ਦੇ ਅਨੁਕੂਲ ਰੁਜਗਾਰ ਦੀਆਂ ਇੱਛਾਵਾਂ ਦੀ ਪੂਰਤੀ ਲਈ ਵਿਦਿਆਰਥੀਆਂ ਨੂੰ ਅਧਿਐਨ ਦੇ ਸੰਤੁਲਿਤ ਪ੍ਰੋਗਰਾਮ ਦੇ ਨਿਰਮਾਣ ਵਿੱਚ ਸਲਾਹਕਾਰ ਸਹਾਇਤਾ ਪ੍ਰਾਪਤ ਹੋਣੀ ਚਾਹੀਦੀ ਹੈ। ਵਿਦਿਆਰਥੀਆਂ ਦੀ ਪ੍ਰਾਪਤੀ ਦਾ ਮੁਲਾਂਕਣ ਨਿਰੰਤਰ ਅਤੇ ਬਰਾਬਰੀ ਦੇ ਅਧਾਰ ਤੇ ਕੀਤਾ ਜਾਣਾ ਚਾਹੀਦਾ ਹੈ। ਪ੍ਰੋਗਰਾਮ ਦੇ ਵਿਦਿਆਰਥੀਆਂ ਅਤੇ ਸਾਬਕਾ-ਵਿਦਿਆਰਥੀਆਂ ਦਾ ਮੁਲਾਂਕਣ ਨਿਯਮਤ ਅਧਾਰ ਤੇ ਕੀਤਾ ਜਾਣਾ ਚਾਹੀਦਾ ਹੈ।

**ਸੰਪੂਰਨਤਾ ਦੀਆਂ ਜ਼ਰੂਰਤਾਂ:** ਵਿੱਦਿਅਕ ਪ੍ਰੋਗਰਾਮ ਦੀਆਂ ਜ਼ਰੂਰਤਾਂ ਦਾ ਸਪਸ਼ਟ ਵਰਨਣ ਰਸਮੀ ਦਸਤਾਵੇਜ਼, ਜੋ ਕਿ ਵਿਦਿਆਰਥੀਆਂ ਅਤੇ ਸੰਭਾਵੀ ਵਿਦਿਆਰਥੀਆਂ ਲਈ ਉਪਲਬਧ ਹੋਵੇ, ਵਿੱਚ ਕੀਤਾ ਹੋਣਾ ਚਾਹੀਦਾ ਹੈ। ਲੋੜਾਂ ਪੂਰੀਆਂ ਹੋਣ ਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਅਧਿਐਨ ਦੇ ਪੱਧਰ ਦੇ ਅਨੁਕੂਲ ਡਿਗਰੀ, ਡਿਪਲੋਮਾ ਜਾਂ ਸਰਟੀਫਿਕੇਟ ਦਿੱਤਾ ਜਾਣਾ ਚਾਹੀਦਾ ਹੈ।

## ਦਿ.ਨਿ. 6: ਸਹਾਇਤਾ

### ਉਦੇਸ਼

ਲਾਇਬ੍ਰੇਰੀ ਵਿੱਦਿਅਕ ਪ੍ਰੋਗਰਾਮਾਂ ਨੂੰ ਅਕਸਰ ਉਨ੍ਹਾਂ ਦੀ ਸੰਸਥਾ ਦੇ ਅੰਦਰ ਇੱਕ ਵੱਡੇ ਵਿੱਦਿਅਕ ਅਦਾਰੇ ਦੇ ਹਿੱਸੇ ਵਜੋਂ ਪਾਇਆ ਜਾਂਦਾ ਹੈ ਅਤੇ ਸਿੱਟੇ ਵਜੋਂ ਇਨ੍ਹਾਂ ਨੂੰ ਉੱਚਤਮ ਗੁਣਵੱਤਾ ਦੀ ਭਰੋਸੇਯੋਗ ਸਹਾਇਤਾ ਅਤੇ ਸਹੂਲਤਾਂ ਦੀ ਲੋੜ ਹੈ।

### ਸਿਧਾਂਤ

ਪੇਸ਼ੇਵਰ ਲਾਇਬ੍ਰੇਰੀ/ਸੂਚਨਾ ਵਿੱਦਿਅਕ ਪ੍ਰੋਗਰਾਮਾਂ ਲਈ ਦਿਸ਼ਾ ਨਿਰਦੇਸ਼, 2012।
ਇਸ ਦਸਤਾਵੇਜ਼ ਦੇ ਕਾਪੀਰਾਈਟ ਅਧਿਕਾਰ ਇਫਲਾ (IFLA) ਨਾਲ ਸਬੰਧਿਤ ਹਨ। ਸਮੱਗਰੀ ਨੂੰ ਕ੍ਰਿਏਟਿਵ ਕਾਮਨਜ਼ ਐਟ੍ਰਿਬਿਊਸ਼ਨ 3.0 ਅਨਪੋਰਟਿਡ ਲਾਇਸੈਂਸ ਦੇ ਅਧੀਨ ਪ੍ਰਵਾਨਗੀ ਦਿੱਤੀ ਗਈ ਹੈ, ਜਿਸ ਦਾ ਮਤਲਬ ਹੈ ਕਿ ਤੁਹਾਨੂੰ ਕਾਪੀ ਕਰਨ, ਵੰਡਣ, ਅੱਗੇ ਭੇਜਣ, ਅਨੁਕੂਲ ਬਣਾਉਣ ਅਤੇ ਇਸ ਕੰਮ ਦੀ ਵਪਾਰਕ ਵਰਤੋਂ ਕਰਨ ਦੀ ਖੁੱਲ੍ਹ ਹੈ, ਬਸ਼ਰਤੇ ਹਰੇਕ ਵਰਤੋਂ ਵਿੱਚ ਇਫਲਾ (IFLA) ਦੇ ਅਧਿਕਾਰਾਂ ਦਾ ਸਹੀ ਹਵਾਲਾ ਦਿੱਤਾ ਜਾਵੇ। ਇਸ ਲਾਇਸੈਂਸ ਦੀ ਕਾਪੀ ਦੇਖਣ ਲਈ ਵੇਖੋ: http://creativecommons.org/licenses/by/3.0/. ਵਧੇਰੇ ਜਾਣਕਾਰੀ ਲਈ ਕ੍ਰਿਪਾ ਕਰਕੇ ਇਫਲਾ (IFLA) ਮੁੱਖ ਦਫ਼ਤਰ ਨਾਲ ਸੰਪਰਕ ਕਰੋ।

**ਪ੍ਰਸ਼ਾਸ਼ਨ ਅਤੇ ਵਿੱਤ:** ਲਾਇਬ੍ਰੇਰੀ/ਸੂਚਨਾ ਵਿੱਦਿਅਕ ਪ੍ਰੋਗਰਾਮ ਦੇ ਪ੍ਰਬੰਧਕਾਂ, ਫੈਕਲਟੀ ਅਤੇ ਸਟਾਫ਼ ਨੂੰ ਵਿੱਦਿਅਕ ਅਦਾਰੇ ਦੇ ਅੰਦਰ ਅਤੇ ਬਾਹਰਲੇ ਸਬੰਧਤ ਪੇਸ਼ਿਆਂ ਅਤੇ ਵਿਸ਼ਿਆਂ ਦੀ ਜਾਣਕਾਰੀ ਹੋਣੀ ਚਾਹੀਦੀ ਹੈ ਅਤੇ ਉਹਨਾਂ ਦੇ ਨਾਲ ਸੰਚਾਰ ਵਿੱਚ ਰਹਿਣਾ ਚਾਹੀਦਾ ਹੈ। ਇਸਤੋਂ ਇਲਾਵਾ ਪ੍ਰੋਗਰਾਮ ਨੂੰ ਸੰਸਥਾ ਦੀ ਪ੍ਰਬੰਧਕੀ ਸੰਗਠਨ ਯੋਜਨਾ ਵਿੱਚ ਬਣਦਾ ਸਥਾਨ ਪ੍ਰਾਪਤ ਹੋਣਾ ਚਾਹੀਦਾ ਹੈ। ਇਹ ਯਕੀਨੀ ਬਣਾਉਣ ਲਈ ਕਿ ਪ੍ਰੋਗਰਾਮ ਦੀ ਬੌਧਿਕ ਇਕਸਾਰਤਾ ਇਸਦੇ ਟੀਚਿਆਂ ਅਤੇ ਉਦੇਸ਼ਾਂ ਦੇ ਅਨੁਕੂਲ ਹੈ, ਇਸਨੂੰ ਲੋੜੀਂਦੀ ਖੁਦਮੁਖਤਿਆਰੀ ਹਾਸਿਲ ਹੋਣੀ ਚਾਹੀਦੀ ਹੈ।

**ਸ਼ਾਸਨ:** ਫੈਸਲੇ ਸਪਸ਼ਟ ਤੌਰ ਤੇ ਪਰਿਭਾਸ਼ਤ ਅਤੇ ਜਨਤਕ ਤੌਰ ਤੇ ਵਰਣਿਤ ਨੀਤੀਆਂ ਦੇ ਅਧਾਰ ਤੇ ਹੋਣੇ ਚਾਹੀਦੇ ਹਨ। ਸ਼ਾਸਨ ਵਿੱਚ ਫੈਕਲਟੀ, ਸਟਾਫ਼, ਵਿਦਿਆਰਥੀ, ਸਾਬਕਾ ਵਿਦਿਆਰਥੀ ਅਤੇ ਰੋਜ਼ਗਾਰ ਪ੍ਰਦਾਨ ਕਰਤਾ ਦੀ ਭਾਗੀਦਾਰੀ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਮੁੱਖ ਫੈਸਲਿਆਂ ਅਤੇ ਗਤੀਵਿਧੀਆਂ ਦਾ ਦਸਤਾਵੇਜ਼ੀਕਰਨ ਹੋਣਾ ਚਾਹੀਦਾ ਹੈ।

**ਵਿੱਤੀ ਸਹਾਇਤਾ:** ਵਿੱਦਿਅਕ ਪ੍ਰੋਗਰਾਮ ਨੂੰ ਲਾਇਬ੍ਰੇਰੀ/ਸੂਚਨਾ ਕੋਰਸ ਅਧਿਐਨ ਨੂੰ ਅਭਿਆਸ (ਪ੍ਰੈਕਟਿਸ) ਦੀਆਂ ਉਮੀਦਾਂ ਦੇ ਅਨੁਕੂਲ ਅਤੇ ਹੋਰ ਸਮਾਨ ਪ੍ਰੋਗਰਾਮਾਂ ਦੀ ਤੁਲਨਾ ਵਿੱਚ ਵਿਕਸਿਤ ਕਰਨ ਅਤੇ ਕਾਇਮ ਰੱਖਣ ਲਈ ਲੋੜੀਂਦੀ ਵਿੱਤੀ ਸਹਾਇਤਾ ਪ੍ਰਾਪਤ ਹੋਣੀ ਚਾਹੀਦੀ ਹੈ। ਸਲਾਨਾ ਬਜਟ ਦਾ ਪ੍ਰਬੰਧ ਪ੍ਰੋਗਰਾਮ ਦੇ ਮੁਖੀ ਦੁਆਰਾ ਕੀਤਾ ਜਾਵੇ। ਸਹਾਇਤਾ ਦਾ ਪੱਧਰ ਵਿਦਿਆਰਥੀਆਂ, ਫੈਕਲਟੀ, ਪ੍ਰਬੰਧਕੀ ਅਤੇ ਸਹਾਇਕ ਸਟਾਫ਼, ਸਿੱਖਿਆ ਸੰਸਾਧਨਾਂ ਅਤੇ ਸਹੂਲਤਾਂ ਦੀ ਸੰਖਿਆ ਨਾਲ ਸਬੰਧਿਤ ਹੋਣਾ ਚਾਹੀਦਾ ਹੈ।

## ਦਿ.ਨਿ. 7: ਨਿਰਦੇਸ਼ਕ ਸਰੋਤ ਅਤੇ ਸਹੂਲਤਾਂ

### ਉਦੇਸ਼

ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ ਵਿੱਦਿਅਕ ਪ੍ਰੋਗਰਾਮਾਂ ਲਈ ਨਿਰਦੇਸ਼ਕ ਸਰੋਤ ਅਤੇ ਸਹੂਲਤਾਂ ਵਿੱਦਿਅਕ ਪ੍ਰੋਗਰਾਮ ਦੁਆਰਾ ਪੇਸ਼ ਕੀਤੇ ਕੋਰਸਾਂ ਅਤੇ ਫੈਕਲਟੀ ਦੇ ਖੋਜ ਯਤਨਾਂ ਦੇ ਸਮਰਥਨ ਲਈ ਮੌਜੂਦਾ ਅਤੇ ਲੋੜੀਂਦੀ ਡੂੰਘਾਈ, ਮਾਤਰਾ ਦੀਆਂ ਅਤੇ ਪਹੁੰਚਯੋਗ ਹੋਣੀਆਂ ਚਾਹੀਦੀਆਂ ਹਨ।

### ਸਿਧਾਂਤ

**ਲਾਇਬ੍ਰੇਰੀ ਸਰੋਤ:** ਵਿਦਿਆਰਥੀਆਂ ਅਤੇ ਫੈਕਲਟੀ ਕੋਲ ਮੌਜੂਦਾ ਅਤੇ ਸਬੰਧਿਤ ਲਾਇਬ੍ਰੇਰੀ ਸਰੋਤਾਂ, ਜੋ ਕਿ ਵਿੱਦਿਅਕ ਪ੍ਰੋਗਰਾਮ ਦੇ ਅਧਿਆਪਨ ਅਤੇ ਖੋਜ ਪਹਿਲੂਆਂ ਦਾ ਸਮਰਥਨ ਕਰਦੇ ਹਨ, ਤੱਕ ਪਹੁੰਚ ਹੋਣੀ ਚਾਹੀਦੀ ਹੈ। ਇਨ੍ਹਾਂ ਵਿੱਚ ਪ੍ਰਿੰਟ ਅਤੇ ਇਲੈਕਟਰਾਨਿਕ ਰੂਪਾਂ ਵਿੱਚ ਪ੍ਰਕਾਸ਼ਨ; ਸਿੱਖਿਆ ਅਤੇ ਖੋਜ ਦਾ ਸਮਰਥਨ ਕਰਨ ਲਈ ਗ੍ਰੰਥ-ਸੂਚੀ ਅਤੇ ਆਨਲਾਈਨ ਸਾਧਨਾਂ ਦੀ ਸ਼੍ਰੇਣੀ; ਅਤੇ ਹੋਰ ਉਚਿਤ ਮੀਡੀਆ ਸ਼ਾਮਿਲ ਹੋਣੇ ਚਾਹੀਦੇ ਹਨ। ਹੋਰ ਸਾਧਨਾਂ ਤੋਂ ਅਤਿਰਿਕਤ ਸਰੋਤਾਂ ਤੱਕ ਪਹੁੰਚ ਦੀ ਵਿਧੀ ਲਾਗੂ ਹੋਣੀ ਚਾਹੀਦੀ ਹੈ।

**ਸੂਚਨਾ ਤਕਨਾਲੋਜੀ ਸਰੋਤ:** ਕੰਪਿਊਟਰ ਹਾਰਡਵੇਅਰ ਅਤੇ ਸਾਫਟਵੇਅਰ ਅਤੇ ਮਲਟੀਮੀਡੀਆ ਸਰੋਤ ਵਿਦਿਆਰਥੀਆਂ ਅਤੇ ਸਟਾਫ ਲਈ ਉਪਲਬਧ ਹੋਣੇ ਚਾਹੀਦੇ ਹਨ ਅਤੇ ਕੋਰਸਵਰਕ ਅਤੇ ਫੈਕਲਟੀ ਖੋਜ ਲਈ ਲੋੜੀਂਦੀ ਵਰਤੋਂ ਦੇ ਪੱਧਰ ਲਈ ਕਾਫੀ ਹੋਣੇ ਚਾਹੀਦੇ ਹਨ।

ਪੇਸ਼ੇਵਰ ਲਾਇਬ੍ਰੇਰੀ/ਸੂਚਨਾ ਵਿੱਦਿਅਕ ਪ੍ਰੋਗਰਾਮਾਂ ਲਈ ਦਿਸ਼ਾ ਨਿਰਦੇਸ਼, 2012।
ਇਸ ਦਸਤਾਵੇਜ਼ ਦੇ ਕਾਪੀਰਾਈਟ ਅਧਿਕਾਰ ਇਫਲਾ (IFLA) ਨਾਲ ਸਬੰਧਿਤ ਹਨ। ਸਮੱਗਰੀ ਨੂੰ ਕ੍ਰਿਏਟਿਵ ਕਾਮਨਜ਼ ਐਟ੍ਰਿਬਿਊਸ਼ਨ 3.0 ਅਨਪੋਰਟਿਡ ਲਾਇਸੈਂਸ ਦੇ ਅਧੀਨ ਪ੍ਰਵਾਨਗੀ ਦਿੱਤੀ ਗਈ ਹੈ, ਜਿਸ ਦਾ ਮਤਲਬ ਹੈ ਕਿ ਤੁਹਾਨੂੰ ਕਾਪੀ ਕਰਨ, ਵੰਡਣ, ਅੱਗੇ ਭੇਜਣ, ਅਨੁਕੂਲ ਬਣਾਉਣ ਅਤੇ ਇਸ ਕੰਮ ਦੀ ਵਪਾਰਕ ਵਰਤੋਂ ਕਰਨ ਦੀ ਖੁੱਲ੍ਹ ਹੈ, ਬਸ਼ਰਤੇ ਹਰੇਕ ਵਰਤੋਂ ਵਿੱਚ ਇਫਲਾ (IFLA) ਦੇ ਅਧਿਕਾਰਾਂ ਦਾ ਸਹੀ ਹਵਾਲਾ ਦਿੱਤਾ ਜਾਵੇ। ਇਸ ਲਾਇਸੈਂਸ ਦੀ ਕਾਪੀ ਦੇਖਣ ਲਈ ਵੇਖੋ: http://creativecommons.org/licenses/by/3.0/. ਵਧੇਰੇ ਜਾਣਕਾਰੀ ਲਈ ਕ੍ਰਿਪਾ ਕਰਕੇ ਇਫਲਾ (IFLA) ਮੁੱਖ ਦਫ਼ਤਰ ਨਾਲ ਸੰਪਰਕ ਕਰੋ।

**ਇੰਟਰਨੈਟ ਸਰੋਤ:** ਫੈਕਲਟੀ ਅਤੇ ਵਿਦਿਆਰਥੀਆਂ ਲਈ ਢੁਕਵੀਂ ਇੰਟਰਨੈਟ ਪਹੁੰਚ ਅਤੇ ਉਪਲਬਧਤਾ ਲੋੜੀਂਦੀ ਹੈ। ਸੂਚਨਾ ਦੀ ਅਜ਼ਾਦੀ ਲਈ ਲਾਇਬ੍ਰੇਰੀਅਨ ਦੀਆਂ ਚਿੰਤਾਵਾਂ ਤੇ ਜ਼ੋਰ ਦੇਣ ਵਾਲੇ ਅਧਿਆਪਨ ਅਤੇ ਖੋਜ ਲਈ ਇੰਟਰਨੈਟ ਦੇ ਸਵੀਕਾਰਯੋਗ ਉਪਯੋਗਾਂ ਬਾਰੇ ਨੀਤੀ ਉਲੀਕੀ ਜਾਣੀ ਚਾਹੀਦੀ ਹੈ ਅਤੇ ਇਸਦਾ ਪ੍ਰਚਾਰ ਕੀਤਾ ਜਾਣਾ ਚਾਹੀਦਾ ਹੈ।

**ਭੌਤਿਕ ਸਹੂਲਤਾਂ:** ਫੈਕਲਟੀ, ਸਟਾਫ਼ ਅਤੇ ਵਿਦਿਆਰਥੀਆਂ ਨੂੰ ਵਿੱਦਿਅਕ ਪ੍ਰੋਗਰਾਮਾਂ ਦੀਆਂ ਭੌਤਿਕ ਸਹੂਲਤਾਂ ਨੂੰ ਇਸਦੇ ਉਦੇਸ਼ਾਂ ਦੀ ਪੂਰਤੀ ਲਈ ਲੋੜੀਂਦੀ ਜਗ੍ਹਾ ਪ੍ਰਦਾਨ ਕਰਨੀ ਚਾਹੀਦੀ ਹੈ।

## ਹਵਾਲੇ:-


- Australian Library and Information Association (ALIA) see: http://www.alia.org.au/education/courses/accreditation.html and http://www.alia.org.au/education/courses/criteria.html
- Chartered Institute of Library & Information Professionals (CILIP) (formerly the Library Association (UK)) see: http://www.cilip.org.uk/jobscareers/qualifications/accreditation/Pages/default.aspx
- Lilley, A.S. (2012). Introducing "Awareness of Indigenous Knowledge Paradigms" IFLA core elements. Available from: s.c.lilley@massey.ac.nz
- Medical Library Association (US), see: http://www.mlanet.org/education/policy/
- Special Libraries Association (US), see: http://www.sla.org/content/learn/members/competencies/index.cfm


ਪੇਸ਼ੇਵਰ ਲਾਇਬ੍ਰੇਰੀ/ਸੂਚਨਾ ਵਿੱਦਿਅਕ ਪ੍ਰੋਗਰਾਮਾਂ ਲਈ ਦਿਸ਼ਾ ਨਿਰਦੇਸ਼, 2012।
ਇਸ ਦਸਤਾਵੇਜ਼ ਦੇ ਕਾਪੀਰਾਈਟ ਅਧਿਕਾਰ ਇਫਲਾ (IFLA) ਨਾਲ ਸਬੰਧਿਤ ਹਨ। ਸਮੱਗਰੀ ਨੂੰ ਕ੍ਰਿਏਟਿਵ ਕਾਮਨਜ਼ ਐਟ੍ਰਿਬਿਊਸ਼ਨ 3.0 ਅਨਪੋਰਟਿਡ ਲਾਇਸੈਂਸ ਦੇ ਅਧੀਨ ਪ੍ਰਵਾਨਗੀ ਦਿੱਤੀ ਗਈ ਹੈ, ਜਿਸ ਦਾ ਮਤਲਬ ਹੈ ਕਿ ਤੁਹਾਨੂੰ ਕਾਪੀ ਕਰਨ, ਵੰਡਣ, ਅੱਗੇ ਭੇਜਣ, ਅਨੁਕੂਲ ਬਣਾਉਣ ਅਤੇ ਇਸ ਕੰਮ ਦੀ ਵਪਾਰਕ ਵਰਤੋਂ ਕਰਨ ਦੀ ਖੁੱਲ੍ਹ ਹੈ, ਬਸ਼ਰਤੇ ਹਰੇਕ ਵਰਤੋਂ ਵਿੱਚ ਇਫਲਾ (IFLA) ਦੇ ਅਧਿਕਾਰਾਂ ਦਾ ਸਹੀ ਹਵਾਲਾ ਦਿੱਤਾ ਜਾਵੇ। ਇਸ ਲਾਇਸੈਂਸ ਦੀ ਕਾਪੀ ਦੇਖਣ ਲਈ ਵੇਖੋ: http://creativecommons.org/licenses/by/3.0/. ਵਧੇਰੇ ਜਾਣਕਾਰੀ ਲਈ ਕ੍ਰਿਪਾ ਕਰਕੇ ਇਫਲਾ (IFLA) ਮੁੱਖ ਦਫ਼ਤਰ ਨਾਲ ਸੰਪਰਕ ਕਰੋ।